# ਸਕੂਲ ਦੀ ਅਗਵਾਈ:

# ਧਾਰਨਾਵਾਂ ਅਤੇ ਉਪਯੋਗ

## ਮਡੀਊਲ ਰੂਪਰੇਖਾ

1. ਮਡੀਊਲ ਨਾਲ ਜਾਣ-ਪਛਾਣ

2 ਸਕੂਲ ਮੁਖੀਆਂ ਅਤੇ ਸੰਗਠਨ ਪੱਧਰ ਦੇ ਕਾਰੁਕਨਾਂ ਲਈ ਅਧਿਐਨ ਨਤੀਜੇ

3. ਅਗਵਾਈ ਦੇ ਵਿਕਾਸ ਲਈ ਸਿਖਲਾਈ ਨਤੀਜੇ: ਗਿਆਨ, ਹੁਨਰ ਅਤੇ ਵਤੀਰਾ

4. ਅਗਵਾਈ: ਸੰਕਲਪ

4. 1: ਆਤਮ ਤੇ ਉਤਸ਼ਾਹ

4.2: ਹਰਕਤ ਵਿੱਚ ਆਗੂ (LEADER IN ACTION)

4.3- ਸਕਲੂ ਆਗੂ -- ਅਨੇਕ ਭੂਮਿਕਾਵਾਂ ਅਤੇ ਜਿੰਮੇਵਾਰੀਆਂ

5. ਵਿਦਿਆਰਥੀਆਂ ਦੇ ਅਧਿਐਨ ਵਿੱਚ ਸੁਧਾਰ ਲਿਆਉਣ ਲਈ ਵਿਦਿਅਕ ਅਗਵਾਈ

5.1: ਕਿਰਿਆਸ਼ੀਲ ਸਿਖਲਾਈ ਸਿਧਾਂਤਾ ਪ੍ਰਤੀ ਨਜ਼ਰੀਆਂ ਅਪਨਾਉਣਾ

5.2 :ਬਤੌਰ ਸਕੂਲ ਮੁਖੀ ਅਧਿਆਪਕੀ ਪ੍ਰੀਖਿਆ( ਵਿਸ਼ਾ ਵਸਤੂ) ਗਿਆਨ Pedagogical Content Knowledge ਦੀ ਜਾਣਕਾਰੀ ਹੋਣਾ।

5.3: ਸਕੂਲ 'ਚ ਅਕਾਦਮਿਕ (ਵਿਦਿਅਕ) ਆਗੂ ਦੀ ਵਿਦਿਅਕ ਆਗੂ ਦੇ ਤੌਰ ਤੇ ਭੂਮਿਕਾ

6. ਸਕੂਲ ਵਿੱਚ ਸਿਖਲਾਈ ਸੱਭਿਆਚਾਰ ਸਿਰਜਣਾ

6.1 ਅਧਿਆਪਕ ਅਤੇ ਸਕੂਲ ਮੁੱਖੀ ਵਿਚਾਰਾਤਮਕ ਅਭਿਆਸਕਰਤਾ ਵੱਜੋਂ

6.2 ਅਧਿਐਨ ਨਤੀਜੇ ਵਧੀਆ ਲਿਆਉਣ ਲਈ ਟੀਮ ਵਜੋਂ ਕੰਮ ਕਰਨਾ

7. ਸਕੂਲ ਵਿਕਾਸ ਨੀਤੀ

8. ਸਕੂਲ ਸਿੱਖਿਆ ਵਿੱਚ ਆਈ. ਸੀ. ਟੀ.

9. ਆਡਿਓ- ਵੀਡਿਓ ਸਰੋਤਾਂ ਦੀ ਸੂਚੀ, ਮਾਮਲੇ ਦੇ ਅਧਿਐਨ

10. ਰੈਫਰੈਂਸ (ਹਵਾਲਾ)

ਮਡੀਊਲ
1

# ਮਡੀਊਲ ਨਾਲ ਜਾਣ-ਪਛਾਣ

ਇਹ ਮਾਪਦੰਡ ਸਕੂਲ ਅਤੇ ਵਿਦਿਅਕ ਸੰਗਠਨ ਵਿੱਚ ਸਕੂਲ ਦੀ ਅਗਵਾਈ ਦੇ ਸੰਕਲਪ ਦੀ ਸਮਲਿਤ ਸਮਝ ਉਸਾਰਨ ਵਿੱਚ ਸਹਾਈ ਹੋਵੇਗਾ, ਜਿਸਦਾ ਕਿ ਸਕੂਲ ਇੱਕ ਵੱਡਮੁੱਲਾ ਹਿੱਸਾ ਹੈ। ਇਹ ਮਾਪਦੰਡ ਵਿਸ਼ੇਸ਼ ਤੌਰ ਤੇ, ਮੁੱਢਲੇ ਸਕੂਲ ਮੁੱਖੀਆਂ ਅਤੇ ਮੁੱਖ ਅਧਿਆਪਕਾਂ ਲਈ ਤਿਆਰ ਕੀਤਾ ਗਿਆ ਹੈ। ਇਸਦਾ ਮੁੱਖ ਉਦੇਸ਼ ਹੈ ਕਿ ਸਕੂਲ ਮੁੱਖੀ ਪ੍ਰਭਾਵਸ਼ਾਲੀ ਆਗੂ ਬਣਨ ਤਾਂ ਜੋ ਸਕੂਲਾਂ ਵਿੱਚ ਵੱਧ ਤੋਂ ਵੱਧ ਬਦਲਾਓ ਲਿਆਂਦਾ ਜਾ ਸਕੇ ਅਤੇ ਵਿਦਿਆਰਥੀਆਂ ਦੇ ਸਿੱਖਣ ਅਧਿਐਨ ਵਿੱਚ ਸੁਧਾਰ ਹੋ ਸਕੇ। ਭਾਰਤ ਦੇ ਵਿਦਿਅਕ ਪ੍ਰਬੰਧਕੀ ਢਾਂਚੇ ਵਿੱਚ ਦੇਖਿਆ ਗਿਆ ਹੈ ਕਿ ਸਕੂਲ ਵੱਖੋ-ਵੱਖਰੇ ਉਪਮੰਡਲਾਂ ਵਿੱਚ ਜਿਵੇਂ ਕਿ ਇੱਕ ਸਮੁਦਾਇ, ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਇੱਕ ਜੁੱਟ ਹੋ ਕੇ ਕੰਮ ਕਰਦੇ ਹਨ। ਇਸੇ ਕਾਰਣ NATIONAL CENTRE FOR SCHOOL LEADERSHIP ਇਸ ਕਥਨ ਵਿੱਚ ਡੂੰਘਾ ਵਿਸ਼ਵਾਸ਼ ਰੱਖਦਾ ਹੈ ਕਿ "ਸਕੂਲ ਦੀ ਅਗਵਾਈ" ਰਾਹੀਂ ਸਕੂਲੀ ਵਿਕਾਸ ਅਤੇ ਬਦਲਾਓ ਵੱਖੋ-ਵੱਖਰੇ ਪੱਧਰਾਂ ਦੇ ਆਪਸੀ ਇਤਫ਼ਾਕ ਕਾਰਣ ਸਭੰਵ ਹੈ। ਇਹ ਮਾਪਦੰਡ ਵਿਸਥਾਰ ਤੌਰ ਤੇ ਸਕੂਲ ਮੁੱਖੀ ਦਾ ਬਤੌਰ ਆਗੂ ਅੱਗੇ ਆਉਣਾ, ਅਨੇਕ ਭੂਮਿਕਾਵਾਂ, ਜਿੰਮੇਵਾਰੀਆਂ, ਬੁੱਧੀਮਾਨੀ ਨਾਲ ਅਗਵਾਈ ਤੇ ਚਰਚਾ ਕਰੇਗਾ, ਤਾਂ ਕਿ ਵਿਦਿਆਰਥੀਆਂ ਦੇ ਗਿਆਨ ਅਤੇ ਅਧਿਐਨ ਵਿੱਚ ਵੱਧ ਤੋਂ ਵੱਧ ਸੁਧਾਰ ਹੋ ਸਕੇ ਤੇ ਸਕੂਲਾਂ ਵਿੱਚ ਇੱਕ ਉਸਾਰੂ ਵਿਦਿਅਕ ਢਾਂਚਾ ਸਿਰਜਿਆ ਜਾ ਸਕੇ। ਇਸ ਮਾਪਦੰਡ ਦੇ ਅਖੀਰ ਵਿੱਚ ਸਕੂਲ ਉਨੱਤੀ ਨੀਤੀ ਵੀ ਸਕੂਲ ਮੁੱਖੀਆਂ ਨੂੰ ਸਮਝਾਈ ਗਈ ਹੈ ਤਾਂ ਕਿ ਉਹ ਸਕੂਲਾਂ ਵਿੱਚ ਬਦਲਾਓ ਲਿਆਉਣ ਦੇ ਸੁਪਨੇ ਨੂੰ ਹਕੀਕਤ ਵਿੱਚ ਸੰਭਵ ਕਰ ਸਕਣ। ਇਸ ਮਾਪਦੰਡ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਵਿਦਿਅਕ ਢਾਂਚੇ ਦੇ ਵੱਖੋ-ਵੱਖਰੇ ਪੱਧਰਾਂ ਤੇ, ਕੰਮ ਕਰਨ ਵਾਲੇ ਕਾਰਕੁਨਾਂ ਨੂੰ ਕਿਸ ਤਰ੍ਹਾਂ ਦੀ ਅਗਵਾਈ ਦੀ ਜ਼ਰੂਰਤ ਹੈ।

ਮੁੱਖ ਅਧਿਆਪਕ ਲਈ ਉਦੇਸ਼

ਮੁੱਖ ਅਧਿਆਪਕ ਅਨੇਕ ਭੂਮਿਕਾਵਾਂ ਨਿਭਾਉਣ ਲਈ ਵਿਕਸਿਤ ਨਜ਼ਰੀਆ ਅਪਨਾਉਣ।

-ਵਿਕਸਿਤ ਬੁੱਧੀਮਾਨੀ ਅਗਵਾਈ ਅਪਨਾਉਣ।

-ਸਕੂਲਾਂ ਵਿੱਚ ਸਹਾਈ ਵਾਤਾਵਰਣ ਬਣਾਉਣ ਤਾਂ ਜੋ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੋ ਸਕੇ।

ਵਿਦਿਅਕ ਉਦੇਸ਼ (ਵੱਖੋ-ਵੱਖਰੇ ਪੱਧਰ ਦੇ ਕਾਰਕੁਨਾਂ ਲਈ)

-ਕਾਰਕੁਨ (ਸੀ.ਆਰ.ਸੀ, ਬੀ.ਆਰ.ਸੀ., ਏ.ਬੀ. ਆਰ.ਸੀ, ਬੀ.ਈ.ਓ., ਏ.ਬੀ.ਈ.ਓ., ਡੀ.ਈ.ਓ., ਡੀ.ਪੀ.ਓ.)

-ਸਕੂਲਾਂ ਵਿੱਚ ਗੁਣਵੱਤਾ ਉੱਨਤੀ ਲਈ ਸਮੁਦਾਇ ,ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਸਕਾਰਾਤਮਕ ਨਜ਼ਰੀਆ ਅਪਨਾਉਣ।

ਮਡੀਊਲ
1

## 2 ਸਕੂਲ ਮੁਖੀਆਂ ਅਤੇ ਸੰਗਠਨ ਪੱਧਰ ਦੇ ਕਾਰੁਕਨਾਂ ਲਈ ਅਧਿਐਨ ਨਤੀਜੇ

ਇੱਕ ਹੇਠਾਂ ਦਰਸਾਏ ਗਏ ਗਰਿੱਡ ਰਾਹੀਂ ਸਕੂਲ ਮੁਖੀਆਂ ਅਤੇ ਸੰਗਠਨ ਪੱਧਰ ਤੇ ਕਾਰਕੁਨਾਂ ਨੂੰ ਅਧਿਐਨ ਨਤੀਜਿਆਂ ਨੂੰ ਸਮਝਾਇਆ ਗਿਆ ਹੈ। ਸਕੂਲ ਮੁਖੀ ਹੇਠਾਂ ਦਰਸਾਏ ਗਏ ਗਿਆਨ ਹਿੱਸੇ (KNOWLEDGE COMPONENTS), ਹੁਨਰ ਅਤੇ ਵਤੀਰੇ ਨੂੰ ਅਪਣਾਉਣ, ਤਾਂ ਕਿ ਇਹ ਚੰਗੇ ਆਗੂ ਬਣ ਕੇ ਸਕੂਲਾਂ ਵਿੱਚ ਬਦਲਾਓ ਲਿਆਉਣ ਦਾ ਮਾਹੌਲ ਸਿਰਜ ਸਕਣ।

- ਗਿਆਨ ਦਾ ਸੰਕੇਤ ਕੀ ਹੈ? ਗਿਆਨ ਸਿਧਾਂਤ ਅਤੇ ਅਭਿਆਸ ਦਾ ਹਿੱਸਾ ਹੈ।
- ਹੁਨਰ ਜਾਂ ਉਸਤਾਦੀ ਦਾ ਸੰਕੇਤ ਕੀ ਹੈ? ਹੁਨਰ ਕਿਸੇ ਵੀ ਸਿਧਾਂਤ ਜਾਂ ਅਭਿਆਸ ਨੂੰ ਚਾਲੂ ਕਰਨ ਦਾ ਹਿੱਸਾ ਹੈ।
- ਵਤੀਰੇ ਦਾ ਸੰਕੇਤ ਹੈ ਕਿਸੇ ਵੀ ਵਿਅਕਤੀ ਦੇ ਸੋਚਣ ਅਤੇ ਵਿਸ਼ਵਾਸ ਕਰਨ ਦਾ ਨਜ਼ਰੀਆ।

### 3. ਅਗਵਾਈ ਦੇ ਵਿਕਾਸ ਲਈ ਸਿਖਲਾਈ ਨਤੀਜੇ: ਗਿਆਨ, ਹੁਨਰ ਅਤੇ ਵਤੀਰਾ

| ਗਿਆਨ | ਹੁਨਰ | ਵਤੀਰਾ |
|---|---|---|
| -ਸਕੂਲ ਦੀ ਅਗਵਾਈ | -ਦਰਿਸ਼ਟੀਕੋਣ ਉਸਾਰਨਾ | ਪਹਿਲ ਕਦਮੀ |
| ਅਧਿਆਪਕੀ ਪ੍ਰੀਖਿਆ ਗਿਆਨ | -ਮਿਲਕੇ ਕੰਮ ਕਰਨਾ | - -ਸਕਾਰਾਤਮਕ ਨਜ਼ਰੀਆ |
| -ਬੁੱਧੀਮਾਨੀ ਨਿਰੀਖਣ | ਸੰਚਾਰ ਸਾਧਨ | -ਕਿਰਿਆਸ਼ੀਲ |
| -ਦਲ ਅਧਿਐਨ - | ਬੁੱਧੀਮਾਨੀ ਨਿਰੀਖਣ | -ਵਿਸ਼ਵਾਸ ਕਿ ਹਰ ਇੱਕ ਬੱਚਾ ਸਿੱਖ ਸਕਦਾ ਹੈ |
| -ਸਕੂਲ ਉਨਤੀ ਨੀਤੀ | -ਪੜ੍ਹਾਉਣ ਅਤੇ ਪ੍ਰਕਿਰਿਆ ਵਿੱਚ ਸੁਧਾਰ ਲਿਆਉਣ ਲਈ ਸਹਾਈ ਹੋਣਾ | -ਵਿਸ਼ਵਾਸ ਕਿ ਹਰ ਇੱਕ ਬੱਚਾ ਆਪਣੀ ਸਿੱਖਣ ਸ਼ਕਤੀ ਅਨੁਸਾਰ ਤਰੱਕੀ ਕਰ ਸਕਦਾ ਹੈ |
| -I.C.T., ਪਹਿਲ ਕਦਮੀ ਸਿੱਖਿਆ ਦੇ ਖੇਤਰ ਵਿੱਚ | -ਨੀਤੀ ਅਤੇ ਸਮੀਖਿਆ | -ਵਿਸ਼ਵਾਸ ਕਿ ਹਰ ਇੱਕ ਅਧਿਆਪਕ ਗਿਆਨ, ਹੁਨਰ ਅਤੇ ਵਤੀਰੇ ਨੂੰ ਉੱਨਤ ਕਰ ਸਕਦਾ ਹੈ |

# ੪. ਅਗਵਾਈ: ਸੰਕਲਪ

ਇਹ ਸੈਕਸ਼ਨ (ਹਿੱਸਾ) ਵਿਸਥਾਰ ਵਿੱਚ ਅਗਵਾਈ ਦੇ ਸੰਕਲਪ ਨੂੰ ਸਮਝਾਵੇਗਾ। ਇੱਕ ਸਫ਼ਲ ਅਤੇ ਪ੍ਰਭਾਵਸ਼ਾਲੀ ਆਗੂ ਕਿਸ ਤਰ੍ਹਾਂ ਕਿਸੇ ਸੰਗਠਨ ਜਾਂ ਸੰਚਾਲਨ ਤੋਂ ਉੱਪਰ ਉੱਠ ਕੇ ਆਤਮ-ਵਿਸ਼ਵਾਸ਼ ਨਾਲ ਸਕੂਲ ਦੀ ਅਗਵਾਈ ਕਰ ਸਕਦਾ ਹੈ।

## ੪. 1: ਆਤਮ ਤੇ ਉਤਸ਼ਾਹ

ਆਤਮ ਗਿਆਨ ਵਤੀਰੇ ਤੇ ਰਵੱਈਏ ਨੂੰ ਸਮਝਣ ਵਿੱਚ ਸਹਾਈ ਹੁੰਦਾ ਹੈ। ਇਹ ਮਨੁੱਖ ਵਿੱਚ ਹੌਂਸਲਾ ਪੈਦਾ ਕਰਦਾ ਹੈ ਕਿ ਉਹ ਇੱਕ ਪ੍ਰਭਾਵਸ਼ਾਲੀ ਆਗੂ ਬਣੇ ਅਤੇ ਆਪਣੇ ਵਤੀਰੇ ਅਤੇ ਕਾਰਜਾਂ ਵਿੱਚ ਇਛੁੱਕ ਤਬਦੀਲੀ ਲਿਆਉਣ। ਇਹ ਸੋਚਣ, ਪ੍ਰਸ਼ਨ ਪੁੱਛਣ ਅਤੇ ਦਵਾਰਾ ਸੋਚਣ ਦੀ ਪ੍ਰਕਿਰਿਆ ਨੂੰ ਮਨੁੱਖ ਵਿੱਚ ਚਾਲੂ ਕਰਦਾ ਹੈ। ਇਹ ਸਾਡੇ ਵਿੱਚ "YES I CAN!" ("ਹਾਂ, ਮੈਂ ਇਹ ਕਰ ਸਕਦਾ ਹਾਂ") ਦੀ ਪ੍ਰਕਿਰਿਆ ਨੂੰ ਉਜਾਗਰ ਕਰਦਾ ਹੈ। ਇਸ ਪ੍ਰਕਿਰਿਆ ਨਾਲ ਸਕੂਲ ਮੁਖੀ ਇੱਕ ਪ੍ਰਭਾਵਸ਼ਾਲੀ ਆਗੂ ਵਾਂਗ ਉਦੇ ਹੁੰਦਾ ਹੈ ਜਿਹੜਾ ਕਿ ਹਰ ਤਰ੍ਹਾਂ ਦੀਆਂ ਮੁਸੀਬਤਾਂ ਨੂੰ ਝੱਲਦੇ ਹੋਏ, ਸਕੂਲ ਵਿੱਚ ਹਰ ਸੰਭਵ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਇੱਕ ਮੁੱਖ ਅਧਿਆਪਕ ਦੀ ਸਫ਼ਲ ਯਾਤਰਾ ਬਤੌਰ ਪ੍ਰਭਾਵਸ਼ਾਲੀ ਆਗੂ ਸ਼ੁਰੂ ਹੁੰਦੀ ਹੈ।

ਆਤਮ ਉੱਨਤੀ ਇੱਕ ਅਟਾਕੁਟ ਪ੍ਰਕਿਰਿਆ ਹੈ। ਜਿਹੜੀ ਕਿ ਜੀਵਨ ਭਰ ਚਲਦੀ ਰਹਿੰਦੀ ਹੈ। ਇੱਕ ਨਾਇਕ ਤਾਂ ਹੀ ਬਣਿਆ ਜਾ ਸਕਦਾ ਹੈ ਜੇਕਰ ਅਸੀਂ ਆਪਣੀ ਚੰਗੀ ਸ਼ਖਸੀਅਤ ਨਾਲ ਦੂਜਿਆਂ ਉੱਤੇ ਅਸਰਦਾਰ ਛਾਪ ਛੱਡ ਸਕੀਏ। ਇੱਕ ਪ੍ਰਭਾਵਸ਼ਾਲੀ ਆਗੂ ਬਣਨ ਲਈ ਮੇਰੇ ਵਿੱਚ ਕਿਹੜੇ ਗੁਣ ਹੋਣੇ ਚਾਹੀਦੇ ਹਨ?

ਮੁੱਖ ਸੱਦਗੁਣ ਸਕੂਲ/ਸੰਗਠਨ ਆਗੂ ਲਈ;

- -ਪਹਿਲ ਕਦਮੀ ਵਾਲਾ ਆਗੂ
- -ਹਾਂ ਪੱਖੀ ਨਜ਼ਰੀਆ
- ਆਤਮ-ਉਤਸ਼ਾਹ
- ਦੂਜਿਆਂ ਨੂੰ ਉਤਸ਼ਾਹਿਤ ਅਤੇ ਪ੍ਰਭਾਵਿਤ ਕਰਨਾ
- ਅਟਾਕੁਟ ਤਬਦੀਲੀ ਲਿਆਉਣ ਲਈ ਉਪਰਾਲੇ ਕਰਨਾ

ਪਰਿਭਾਸ਼ਾ:- ਅਗਵਾਈ

ਆਮ ਵਿਅਕਤੀ ਦੇ ਸ਼ਬਦਾਂ ਵਿੱਚ ਅਗਵਾਈ ਦਾ ਅਰਥ ਹੈ, ਕਿਸੇ ਮਨੁੱਖ ਕੋਲ ਆਮ ਵਿਅਕਤੀ ਨਾਲੋਂ ਵੱਧ ਅਧਿਕਾਰ ਹੋਣੇ ਤਾਂ ਕਿ ਉਹ ਲੋਕਾਂ ਦੇ ਸਮੁਦਾਇ ਜਾਂ ਸੰਸਥਾ ਦਾ ਆਗੂ ਬਣ ਸਕੇ।

-ਤਾਕਤ(POWER)-

ਤਾਕਤ ਉਹ ਸ਼ਕਤੀ ਹੈ ਜਿਸ ਨਾਲ ਦੂਜਿਆਂ ਦੇ ਵਤੀਰੇ 'ਤੇ ਪ੍ਰਭਾਵ ਪਾ ਕੇ ਉਸਨੂੰ ਬਣਦਾ ਇਨਾਮ ਜਾਂ ਸਜਾ ਦਿੱਤੀ ਜਾ ਸਕੇ।

ਤਾਕਤ ਤਿੰਨ ਤਰ੍ਹਾਂ ਦੀ ਹੈ:

-ਧੱਕੜਸ਼ਾਹੀ ਤਾਕਤ (ਨਿਜੀ ਨੁਕਸਾਨ)

-ਉਜਰਤ/ਮਿਹਨਤਾਨਾ ਤਾਕਤ

-ਅਸੂਲ/ਨਿਯਮ ਤਾਕਤ

-ਕਾਨੂੰਨੀ ਤਾਕਤ- ਉਹ ਤਾਕਤ ਜਿਸ ਵਿੱਚ ਕਾਨੂੰਨ ਦਾ ਸਹਾਰਾ ਹੋਵੇ। ਉਦਾਹਰਣ: ਸਰਕਾਰੀ ਕਾਰਕੁਨ

ਕੀ ਤੁਸੀਂ ਸਹਿਮਤ ਹੋ ਕੇ ਇੱਕ ਨਾਇਕ ਬਣਨ ਲਈ 'ਪਹਿਲ ਕਦਮੀ' ਦੀ ਜ਼ਰੂਰਤ ਹੁੰਦੀ ਹੈ? ਇੱਕ ਆਗੂ ਨੂੰ ਪ੍ਰਭਾਵਸ਼ਾਲੀ ਸੱਦਗੁਣਾਂ ਨੂੰ ਪ੍ਰਦਰਸ਼ਨ ਕਰਨ ਦੀ ਵੀ ਲੋੜ ਹੁੰਦੀ ਹੈ। ਇਹ ਅਸੀਂ ਹੇਠਾਂ ਦਰਸਾਏ ਗਏ ਵੀਡੀਓ ਲਿੰਕ ਰਾਹੀਂ ਚੰਗੀ ਤਰ੍ਹਾਂ ਸਮਝ ਸਕਦੇ ਹਾਂ।

CHECK VIDEO LINK IN AUDIO VISUAL RESOURCES ON LEAD INDIA VIDEO.

## ੪.2: ਹਰਕਤ ਵਿੱਚ ਆਗੂ (LEADER IN ACTION)

ਦੋ ਤਰ੍ਹਾਂ ਦੇ ਆਗੂ ਹੋ ਸਕਦੇ ਹਨ: ਹਰਕਤ ਵਿੱਚ ਆਗੂ ਅਤੇ ਸਥਿਤੀ ਜਾਂ ਅਫ਼ਸਰੀ ਕਾਰਣ ਆਗੂ (LEADER BY POSITION)

-ਹਰਕਤ ਵਿੱਚ ਆਗੂ- ਉਸ ਨੂੰ ਕਿਹਾ ਜਾਂਦਾ ਹੈ ਜਿਹੜਾ ਆਪਣੇ ਕਿਰਿਆਸ਼ੀਲ ਕਾਰਜਾ ਕਰਕੇ ਲੋਕਪ੍ਰੀਅਤਾ ਹਾਸਿਲ ਕਰਦਾ ਹੈ। ਉਸਦੇ ਸਿਰਜਣਾਤਮਕ ਗਿਆਨ, ਹੁਨਰ ਅਤੇ ਲਹਿਜੇ ਕਾਰਣ ਲੋਕ ਜਾਂ ਲੋਕਾਂ ਦਾ ਸਮੂਹ ਬਹੁਤ ਪ੍ਰਭਾਵਿਤ ਹੁੰਦਾ ਹੈ। ਇੰਨ੍ਹਾਂ ਆਗੂਆਂ ਦੀ ਕੋਈ ਅਫ਼ਸਰੀ ਜਾਂ ਖ਼ਾਸ ਸਥਿਤੀ ਨਹੀਂ ਹੁੰਦੀ, ਇਹ ਸਿਰਫ਼ ਆਪਣੇ ਸਕਾਰਾਤਮਕ ਨਜ਼ਰੀਏ ਕਰਕੇ ਅੱਗੇ ਆਉਂਦੇ ਹਨ।

ਅਫ਼ਸਰੀ ਜਾਂ ਸਥਿਤੀ ਕਾਰਣ ਆਗੂ (LEADER BY POSITION)- ਉਦਾਹਰਣ ਦੇ ਤੌਰ ਤੇ ਸਕੂਲ ਮੁੱਖੀ ਇੱਕ ਚੁਣਿਆ ਹੋਇਆ ਆਗੂ ਹੈ, ਜਿਹੜਾ ਕਿ ਇੱਕ ਵਿਦਿਅਕ ਸੰਗਠਨ ਦਾ ਹਿੱਸਾ ਹੈ। ਪਰ ਕੀ ਸਕੂਲ ਮੁੱਖੀ ਆਪਣੇ ਕਾਰਜਾਂ ਕਰਕੇ ਇੱਕ 'LEADER BY ACTION' ਹੈ? ਜੀ ਹਾਂ, ਬਿਲਕੁੱਲ ਨਿਮਲਿੱਖਿਤ ਗੁੱਣਾਂ ਜਿਵੇਂ ਕਿ ਸਿਰਜਣਾਤਮਕ ਸੋਚ, ਪਹਿਲ ਕਦਮੀ, ਉਸਾਰੂ ਸੋਚ, ਫ਼ੈਸਲਾ ਲੈਣ ਦੀ ਹਿੰਮਤ, ਆਦਿ ਗੁਣਾਂ ਨਾਲ ਸਕੂਲ ਮੁੱਖੀ, 'ਹਰਕਤ ਵਿੱਚ ਆਗੂ' ਕਹਿਲਾਉਂਦੇ ਹੈ।

ਮਡੀਊਲ 1

ਪ੍ਰਭਾਵ(INFLUENCE)

ਪ੍ਰਭਾਵ ਉਹ ਸਮਰੱਥਾ ਹੈ ਜਿਸ ਨਾਲ ਮਨੁੱਖ ਦੇ ਰਵੱਈਏ ਤੇ ਬਿਨ੍ਹਾਂ ਕਿਸੇ ਇਨਾਮ ਦੰਡ ਜਾਂ ਕਾਨੂੰਨੀ ਸ਼ਕਤੀ ਤੋਂ ਅਸਰ ਪਾਇਆ ਜਾ ਸਕੇ।

ਇੱਕ ਪ੍ਰਕਿਰਤੀ ਅੰਤਰ ਹੁੰਦਾ ਹੈ ਸੰਚਾਲਕ, ਇੰਤਜਾਮੀਆ ਅਤੇ ਆਗੂ ਦੇ ਕੰਮ ਕਰਨ ਦੇ ਤਰੀਕੇ ਵਿੱਚ ਇਹ ਇੱਕ ਹੇਠਾਂ ਬਣਾਏ ਗਏ ਚਿੱਤਰ ਰਾਹੀਂ ਦਰਸਾਇਆ ਗਿਆ ਹੈ। ਤੁਸੀਂ ਸੋਚੋ ਅਤੇ ਫ਼ੈਸਲਾ ਕਰੋ ਕਿ ਤੁਸੀਂ ਕਿਸ ਸਥਿਤੀ ਤੇ ਬਤੌਰ ਸਕੂਲ ਮੁੱਖੀ/ ਸੰਗਠਨ ਪੱਧਰ ਦੇ ਕਾਰਕੁਨ ਆਪਣੇ ਕੰਮ ਦੇ ਸਥਾਨ ਤੇ ਕੰਮ ਕਰ ਸਕਦੇ ਹੋ।

**ਸੰਚਾਲਕ**
ਕਾਨੂੰਨ ਅਤੇ ਉਪ ਨਿਯਮਾਂ ਨਾਲ ਜੁੜੇ

**ਇੰਤਜ਼ਾਮੀਆਂ**
ਕੰਮਕਾਰ ਦੇਖਣਾ ਅਤੇ ਨਾਤਾ

**ਆਗੂ**
ਮਾਰਗ ਦਰਸ਼ਕ ਬਣਨਾ

ਤੁਸੀਂ ਇਸ ਚਿੱਤਰ ਰਾਹੀਂ, ਇਹ ਸਮਝਿਆ ਹੋਵੇਗਾ, ਜਿਓਂ-ਜਿਓਂ ਕੰਮਕਾਜ਼ ਦਾ ਅਖਾੜਾ ਵੱਧਦਾ ਹੈ ਤਿਓਂ-ਤਿਓਂ ਕਿਰਿਆਵਾਂ ਦਾ ਦਾਇਰਾ ਵੀ ਵੱਧਦਾ ਜਾਂਦਾ ਹੈ। ਸੰਚਾਲਕ ਦਾ ਕੰਮ ਅਫ਼ਸਰਸ਼ਾਹੀ ਦੇ ਢਾਂਚੇ ਦਾ ਅਨਿੱਖੜਵਾਂ ਅੰਗ ਹੈ, ਜਿਸਦਾ ਦਾਇਰਾ ਉੱਚ ਅਧਿਕਾਰੀਆਂ ਦੁਆਰਾ ਨਿਰਧਾਰਿਤ ਕੀਤਾ ਗਿਆ ਹੈ, ਜਿਸ ਕਾਰਣ ਸੰਚਾਲਕ ਆਤਮ ਫ਼ੈਸਲੇ ਨਹੀਂ ਲੈ ਸਕਦਾ ਅਤੇ ਉਹ ਅਰਾਮਦਾਇਕ ਖੰਡ ਤੋਂ ਬਾਹਰ ਨਹੀਂ ਨਿਕਲ ਸਕਦਾ। ਉਸਨੂੰ ਆਦੇਸ਼ਾਂ ਦੀ ਇੰਨ੍ਹ ਬਿੰਨ ਪਾਲਣਾ ਕਰਨੀ ਪੈਂਦੀ ਹੈ।

ਜਦੋਂ ਤੁਸੀਂ ਆਪਣੀ ਬੁੱਧੀ ਦਾ ਇਸਤੇਮਾਲ ਸਕੂਲ ਦੀਆਂ ਕਿਰਿਆਵਾਂ ਦਾ ਨਿਰੀਖਣ ਕਰਨ ਵਿੱਚ ਕਰਦੇ ਹੋ ਤਾਂ ਤੁਸੀਂ ਬਤੌਰ ਇੰਤਜ਼ਾਮੀਆ ਸੇਵਾ ਕਰਦੇ ਹੋ। ਇਸ ਵਿੱਚ ਤੁਹਾਡੇ ਕੰਮਕਾਜ ਦਾ ਘੇਰਾ ਸੰਚਾਲਨ ਦੇ ਘੇਰੇ ਦੀਆਂ ਹੱਦਾਂ ਤੋਂ ਵੱਧ ਹੁੰਦਾ ਹੈ। ਪਰ ਆਗੂ ਦਾ ਕੰਮ ਇੰਨ੍ਹਾਂ ਸਭ ਤੋਂ ਉੱਪਰ ਹੈ।

- ਆਗੂ ਇੱਕ ਨਜ਼ਰੀਏ ਤੇ ਅਮਲ ਕਰਦਾ ਹੈ ਅਤੇ ਉਸ ਨਜ਼ਰੀਏ ਨੂੰ ਉੱਨਤ ਪ੍ਰਿਤਪਾਲਕ ਟੀਮਾਂ (ਦਲਾਂ) ਵਿੱਚ ਵੰਡਦਾ ਹੈ।
- ਆਗੂ ਇੱਕ ਨਾਇਕ ਵਜੋਂ ਉਭਰਦਾ ਹੈ ਅਤੇ ਮਨੁੱਖੀ ਸੰਬੰਧਾਂ ਵਿੱਚ ਸੁਖਾਵਾਂ ਮਾਹੌਲ ਸਿਰਜਦਾ ਹੈ।
- ਆਗੂ ਆਪਣੇ ਕਾਰਜਾਂ ਰਾਹੀਂ ਸਮਾਜ ਵਿੱਚ ਸਹਾਇਕ ਸਭਿਆਚਾਰ ਨੂੰ ਸਿਰਜਦਾ ਅਤੇ ਉਤਸ਼ਾਹਿਤ ਕਰਦਾ ਹੈ।

ਮਡੀਊਲ 1

ਮੁੱਢਲੀ ਚਰਚਾ ਤੋਂ ਬਾਅਦ, ਆਓ ਸਕੂਲ ਅਗਵਾਈ ਦੀ ਸਮਝ ਤੇ ਚਾਨਣਾ ਪਾਈਏ। ਇੱਕ ਆਗੂ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਕਿਸੇ ਵੀ ਸੰਗਠਨ ਤੋਂ ਉੱਪਰ ਹੈ ਤੇ ਉਹ ਉਤਸ਼ਾਹ ਭਰੂਪਰ ਤਬਦੀਲੀ ਲਿਆਉਣ ਵਿੱਚ ਹਮੇਸ਼ਾ ਸਕਾਰਾਤਮਕ ਸੋਚ ਨਾਲ ਕੰਮ ਕਰਦਾ ਹੈ। ਆਗੂ ਬਣਨ ਲਈ ਚਾਰ ਟੀਚੇ ਹਾਸਿਲ ਕਰਨੇ ਜ਼ਰੂਰੀ ਹਨ, ਜਿਹੜੇ ਕਿ ਸਿੱਖਿਆ ਸ਼ਾਸਤਰੀ BOLES AND DAVENPORT (1975) ਨੇ ਦਿੱਤੇ ਹਨ-

ਟੀਚਾ-4 ਜ਼ਰੂਰਤਾਂ /ਲੋੜਾਂ ਦੀ ਪੂਰਤੀ

ਟੀਚਾ-3 ਆਵਿਸ਼ਕਾਰ

ਟੀਚਾ-2 ਸਿੱਖਿਅਕ ਮੌਕੇ ਮੁਹੱਈਆ ਕਰਵਾਉਣੇ

ਟੀਚਾ-1 ਸਕੂਲ ਦੀ ਸੰਭਾਲ

ਸਾਧਨ- ਅਗਵਾਈ ਪ੍ਰਕਿਰਿਆ BOLES AND DAVERNPORT (1975) INTRODUCTION TO EDUCATIONAL LEADERSHIP HARPER AND ROW, PUBLISHERS, NEW YORK,p.158

ਉਪਰੋਕਤ ਦਰਸਾਇਆ ਚਿੱਤਰ ਇਹ ਦੱਸਦਾ ਹੈ ਕਿ ਸਕੂਲ ਆਗੂ/ਸੰਗਠਨ ਪੱਧਰ ਆਗੂ ਬਣਨ ਲਈ ਇਨ੍ਹਾਂ ਚਾਰ ਟੀਚਿਆਂ ਦੀ ਪੂਰਤੀ ਜ਼ਰੂਰੀ ਹੈ। ਸਕੂਲ ਨੂੰ ਚਲਾਉਣ, ਪ੍ਰਬੰਧ ਕਰਨ ਲਈ ਜੇਕਰ ਅਸੀਂ ਨਿਮਨਲਿੱਖਿਤ ਸਕੂਲ ਕਿਰਿਆਵਾਂ ਜਿਵੇਂ ਕਿ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਕਾਰਗੁਜ਼ਾਰੀ, ਵਿਦਿਆਰਥੀ ਹਾਜ਼ਰੀ, ਸਕੂਲ ਨਤੀਜੇ, ਪੁਸਤਕਾਲਾਂ ਵਿੱਚ ਹਵਾਲਾ ਕਿਤਾਬਾਂ, ਆਦਿ ਦੀ ਪੂਰਤੀ ਨਾਲ ਟੀਚਾ ਇੱਕ ਅਤੇ ਦੋ ਦੀ ਪਹੁੰਚ ਹੁੰਦੀ ਹੈ।

ਉਹ ਆਗੂ ਜਿਹੜੇ ਆਵਿਸ਼ਕਾਰ ਅਤੇ ਤਬਦੀਲੀ ਲਿਆਉਣ ਲਈ, ਸਮਰੱਥਾ ਆਰੰਭ ਕਰਦੇ ਹਨ, ਉਨ੍ਹਾਂ ਦਾ ਤੀਜਾ ਟੀਚਾ ਸੰਪੰਨ ਹੁੰਦਾ ਹੈ। ਜਦੋਂ ਕਿਸੇ ਆਗੂ ਦੁਆਰਾ ਕਿੱਤੇ ਪ੍ਰਤੀ ਅਧਿਆਪਕਾਂ ਅਤੇ ਸਕੂਲ ਦੀ ਸੰਤੁਸ਼ਟੀ ਹੁੰਦੀ ਹੈ, ਤਾਂ ਚੌਥਾ ਟੀਚਾ ਸੰਪੰਨ ਹੋ ਜਾਂਦਾ ਹੈ ਅਤੇ ਆਗੂ ਇੱਕ ਕਾਮਯਾਬ ਨਾਇਕ ਵੱਜੋਂ ਉੱਭਰਦਾ ਹੈ।

CHECK VIDEO LINK IN AUDIO VISUAL RESOURCES ON CHANGE LEADERSHIP AND SCHOOL IMPROVEMENT

## 4.3- ਸਕੂਲ ਆਗੂ -- ਅਨੇਕ ਭੂਮਿਕਾਵਾਂ ਅਤੇ ਜਿੰਮੇਵਾਰੀਆਂ

ਇੱਕ ਆਕਾਰ ਰਾਹੀਂ ਸਕੂਲ ਆਗੂ ਦੀਆਂ ਭੂਮਿਕਾਵਾਂ ਅਤੇ ਜਿੰਮੇਵਾਰੀਆਂ ਤੇ ਨਜ਼ਰ-



ਮਡੀਊਲ 1

# ਸਕੂਲ ਦੀ ਅਗਵਾਈ ਪ੍ਰਤੀ ਨਜ਼ਰੀਆ

ਸਕੂਲ ਆਗੂ ਇੱਕ ਅਜਿਹਾ ਨਜ਼ਰੀਆ ਉਸਾਰਨ ਵਿੱਚ ਉਤਸ਼ਾਹਿਤ ਹੋਣਾ ਚਾਹੀਦਾ ਹੈ, ਜਿਸ ਨਾਲ ਸਕੂਲ ਨੂੰ ਉਸ ਸਥਾਨ ਵਜੋਂ ਦੇਖਿਆ ਜਾਵੇ ਜਿੱਥੇ ਬਾਲਕ ਦੀ ਪ੍ਰਗਤੀ ਅਤੇ ਉੱਨਤੀ ਨਿਰੰਤਰ ਨਵੇਂ ਤਜਰਬਿਆਂ ਨਾਲ ਤਬਦੀਲੀ ਹੋਣ ਵਿੱਚ ਵਚਨਬੱਧ ਹੋਵੇ। ਇਹ ਭੂਮਿਕਾ ਬਾਲਕ ਕੇਂਦਰਿਤ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਇੱਕ ਸਕੂਲ ਆਗੂ ਸਕੂਲ ਦੀਆਂ ਜ਼ਮੀਨੀ ਹਕੀਕਤਾਂ ਤੋਂ ਜਾਣੂ ਹੋ ਕੇ, ਇੱਕ ਸੰਪੂਰਨ ਸੁਖਾਵਾਂ ਵਾਤਾਵਰਣ ਸਿਰਜ ਸਕਦਾ ਹੈ। ਇਸ ਤੋਂ ਹੋਰ ਜਾਣੂ ਹੋਣ ਲਈ ਹੇਠਾਂ ਦਿੱਤੇ ਲਿੰਕ ਨੂੰ ਪੜ੍ਹੋ-

CHECK VIDEO LINK IN AUDIO-VISUAL RESOURCES

ON SCHOOL AS LEARNING ORGANIZATION

## ਆਤਮ ਉੱਨਤੀ

ਆਤਮ ਉਨੱਤੀ ਦਾ ਮੁੱਖ ਕੇਂਦਰ ਹੈ ਸਕਰਾਤਮਕ ਆਤਮ-ਵਿਚਾਰਾਂ ਨੂੰ ਉਨੱਤ ਕਰਨਾ ਅਤੇ ਆਪਣੀਆਂ ਸ਼ਕਤੀਆਂ, ਵਤੀਰੇ ਨੂੰ ਜਾਣਨਾ। ਆਤਮ-ਸੁਧਾਰ ਅਕਸ ਅਭਿਆਸ ਰਾਹੀਂ, ਉੱਨਤ ਹੋ ਸਕਦਾ ਹੈ, ਜੋ ਕਿ ਆਤਮ-ਅਧਿਐਨ ਹੈ। ਚੌਣਤੀਆਂ (CHALLENGES) ਦਾ ਸਾਹਮਣਾ ਕਰਨਾ, ਪੂਰੇ ਆਤਮ-ਵਿਸ਼ਵਾਸ਼ ਨਾਲ ਕਿ "ਹਾਂ ਜੀ, ਮੈਂ ਕਰ ਸਕਦਾ ਹਾਂ।" ਇਸ ਤਰ੍ਹਾਂ ਆਗੂ ਸਵੈ ਅਤੇ ਹੋਰਾਂ ਸਾਥੀਆਂ ਵਿੱਚ ਆਤਮ-ਉੱਨਤੀ ਉਜਾਗਰ ਕਰ ਸਕਦਾ ਹੈ।

CHECK THE VIDEDO LINK IN AUDIO-VISUAL

RESOURCES ON PROFESSIONAL DEVELOPMENT PLAN

## ਸਿੱਖਣ-ਸਿਖਾਉਣ ਪ੍ਰਕਿਰਿਆ ਵਿੱਚ ਤਬਦੀਲੀ ਲਿਆਉਣਾ-

ਇਸ ਵਿਧੀ ਵਿੱਚ ਸਕੂਲ ਆਗੂ ਦੀ ਮੁੱਖ ਭੂਮਿਕਾ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਨੂੰ ਸਿਰਜਣਾਤਮਕ ਢੰਗ ਨਾਲ ਅਪਨਾਉਣ ਦੀ ਹੋਣੀ ਚਾਹੀਦੀ ਹੈ। ਸਿੱਖਣ-ਸਿਖਾਉਣ ਪ੍ਰਕਿਰਿਆ ਦਾ ਫ਼ਲ ਤਾਂ ਹੀ ਮਿੱਠਾ ਹੋਵੇਗਾ, ਜੇਕਰ ਉਹ ਵਿਦਿਆਰਥੀ ਕੇਂਦਰਿਤ ਹੋਵੇ। ਵਿਦਿਆਰਥੀਆਂ ਦੀਆਂ ਜ਼ਰੂਰਤਾਂ ਅਤੇ ਮੁਸ਼ਕਿਲਾਂ ਤੋਂ ਜਾਣੂ ਹੋਣਾ, ਸੁਖਾਵਾਂ ਵਾਤਾਵਰਣ ਸਿਰਜਣਾ, ਜਮਾਤਾਂ ਦੀ ਨਿਗਰਾਨੀ ਕਰਨਾ, ਵਿਦਿਆਰਥੀਆਂ ਨੂੰ ਰੋਜ਼ ਸਕੂਲ ਆਉਣ ਲਈ ਉਤਸ਼ਾਹਿਤ ਕਰਨਾ, ਨਵੀਆਂ-2 ਚੀਜ਼ਾਂ ਸਿਖਾਉਣਾ, ਅਤੇ ਹਰ ਇੱਕ ਵਿਦਿਆਰਥੀਆਂ ਨੂੰ ਅਹਿਸਾਸ ਦਵਾਉਣਾ ਕਿ ਤੂੰ ਅਦਭੁੱਤ (UNIQUE) ਹੈ। ਹੇਠਾਂ ਦਿੱਤੇ ਲਿੰਕ ਤੇ ਹੋਰ ਜਾਣਕਾਰੀ ਲਈ ਕਲਿੱਕ ਕਰੋ।

CHECK VIDEO LINK IN AUDIO-VISUAL RESOURCES ON
SCHOOL AND PURPOSE OF EDUCATION

## ਦਲਾਂ ਦੇ ਆਗੂ ਬਣਨਾ ਅਤੇ ਦਲ ਉਸਾਰਨਾ

ਸਕੂਲ ਇੱਕ ਵੱਖੋ-ਵੱਖਰੇ ਮੈਂਬਰਾਂ ਦਾ ਇੱਕਠ ਹੈ। ਇਸ ਵਿੱਚ ਸਾਰੇ ਦੇ ਸਾਰੇ ਮੈਂਬਰ ਸਕੂਲ ਦੀ ਉੱਨਤੀ ਅਤੇ ਤਰੱਕੀ ਲਈ ਮਿਲਜੁੱਲ ਕੇ ਨਿਰਧਾਰਿਤ ਉਦੇਸ਼ਾਂ ਅਨੁਸਾਰ ਕੰਮ ਕਰਦੇ ਹਨ। ਸਕੂਲ ਆਗੂ ਬਾਕੀ ਦਲਾਂ ਨਾਲ ਮਿਲਜੁੱਲ ਕੇ ਲੜਾਈ-ਝਗੜੇ ਦੇ ਸਮਝੌਤੇ, ਨਵੇਂ ਮੌਕੇ, ਅਸਰਦਾਇਕ ਸੁਨੇਹੇ, ਆਦਿ ਦੀ ਉਪਲਬੱਧੀ,ਹਾਸਿਲ ਕਰ ਸਕਦਾ ਹੈ, ਜਿਸ ਨਾਲ ਸਕੂਲ ਵਿੱਚ ਬਹੁਤ ਤਬਦੀਲੀ ਲਿਆਈ ਜਾ ਸਕਦੀ ਹੈ।

-ਨਵੇਂ ਤਰੀਕਿਆਂ ਅਤੇ ਆਵਿਸ਼ਕਾਰਾਂ ਦਾ ਮੋਹਰੀ ਹੋਣਾ:-

ਕਿਸੇ ਵੀ ਸੰਗਠਨ ਵਿੱਚ ਦੇਖਿਆ ਗਿਆ ਹੈ ਕਿ ਆਵਿਸ਼ਕਾਰ ਸਾਰੇ ਲੋਕਾਂ ਨੂੰ ਸ਼ਾਮਿਲ ਕਰਕੇ ਮੁਸ਼ਕਿਲਾਂ ਦਾ ਹੱਲ ਅਤੇ ਨਵੇਂ ਤਰੀਕਿਆਂ ਨੂੰ ਅਪਨਾਉਣ ਲਈ ਪ੍ਰੇਰਿਤ ਕਰਦਾ ਹੈ। ਇਹ ਲੋਕਾਂ ਨੂੰ ਖ਼ਤਰੇ ਮੁੱਲ ਲੈਣਾ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਦਾ ਹੈ। ਇਸੇ ਤਰ੍ਹਾਂ ਸਕੂਲਾਂ ਵਿੱਚ ਤਬਦੀਲੀ ਲਿਆਉਣ ਲਈ ਮੋਹਰੀ ਆਵਿਸ਼ਕਾਰ ਆਗੂ ਦੀ ਜ਼ਰੂਰਤ ਹੁੰਦੀ ਹੈ, ਜਿਹੜਾ ਕਿ ਵਿਦਿਆਰਥੀ ਲਈ ਸਿੱਖਣ ਦਾ ਅੰਨਦਮਈ ਮਾਹੌਲ ਬਣਾਉਂਦਾ ਹੈ। ਇਸਨੂੰ ਹੋਰ ਸਮਝਣ ਲਈ ਵੀਡੀਓ ਲਿੰਕ ਦੇਖੋ।

CHECK VIDEO LINK IN AUDIO-VISUAL RESOURCES
KNOWING MORE ABOUT INNOVATIONS

## ਸਾਂਝੀ ਵਾਲਤਾ ਦੇ ਮੋਢੀ ਹੋਣਾ

ਸਕੂਲ ਵਿੱਚ ਵਿਦਿਆਰਥੀ ਵੱਖੋ-ਵੱਖਰੇ ਪਿਛੋਕੜਾਂ ਤੋਂ ਆਉਂਦਾ ਹੈ। ਸਕੂਲ ਸੰਗਠਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਵਿਦਿਆਰਥੀ ਦੀਆਂ ਸਮਾਜਕਿ ਅਤੇ ਆਰਥਿਕ ਲੋੜਾਂ ਤੋਂ ਜਾਣੂ ਹੋਵੇ। ਸਮਾਜ, ਮਾਪੇ, ਸਕੂਲ ਆਗੂ, ਸਾਰੇ ਪੱਧਰ ਦੇ ਕਾਰਕੁਨ ਇੱਕਠੇ ਕੰਮ ਕਰਨ।

## -ਸਕੂਲ ਪ੍ਰਬੰਧ ਦੇ ਮੋਹਰੀ ਹੋਣਾ

ਇਸ ਭੂਮਿਕਾ ਵਿੱਚ ਸਕੂਲ ਆਗੂ ਦਾ ਵਿੱਤੀ ਅਤੇ ਪ੍ਰਬੰਧਕੀ ਢਾਂਚੇ ਬਾਰੇ ਜਾਣੂ ਹੋਣਾ ਜ਼ਰੂਰੀ ਹੈ। ਉਸਨੂੰ ਪ੍ਰਾਂਤ ਸਰਕਾਰ ਦੁਆਰਾ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ।

# 5. ਵਿਦਿਆਰਥੀਆਂ ਦੇ ਅਧਿਐਨ ਵਿੱਚ ਸੁਧਾਰ ਲਿਆਉਣ ਲਈ ਵਿਦਿਅਕ ਅਗਵਾਈ:-

ਵਿੱਦਿਅਕ ਅਗਵਾਈ ਦਾ ਸੰਕੇਤ ਹੈ ਕਿ ਸਕੂਲ ਆਗੂ ਵਿੱਚ ਗਿਆਨ, ਹੁਨਰ ਤੇ ਚੰਗੇ ਵਤੀਰੇ ਦੇ ਗੁਣ ਹੋਣੇ ਚਾਹੀਦੇ ਹਨ, ਜਿਸ ਨਾਲ ਸਿੱਖਣ-ਸਿਖਾਉਣ ਪ੍ਰਕਿਰਿਆ 'ਚ ਸੁਧਾਰ ਹੋ ਸਕੇ। ਸਭ ਤੋਂ ਜ਼ਰੂਰੀ ਹੈ ਕਿ ਸਕੂਲ ਆਗੂ ਇੱਕ ਅਧਿਆਪਕ ਹੋਣ ਦੇ ਨਾਤੇ ਆਪਣੀਆਂ ਦੋਵੇਂ ਭੂਮਿਕਾਵਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਨਿਭਾਵੇ।

ਵਿੱਦਿਅਕ ਆਗੂ ਨੂੰ ਸਮਝਣ ਲਈ ਤਿੰਨ ਭਾਗਾਂ ਨੂੰ ਜਾਣਨ ਦੀ ਜ਼ਰੂਰਤ ਹੈ-

- -ਕਿਰਿਆਸ਼ੀਲ ਸਿਖਲਾਈ ਸਿਧਾਂਤ ਪ੍ਰਤੀ ਨਜ਼ਰੀਆਂ ਅਪਨਾਉਣਾ।
- -ਅਧਿਆਪਕੀ ਪ੍ਰੀਖਿਆ ਗਿਆਨ (PEDAGOGICAL-CONTENT KNOWLEDGE)
- -ਸਕੂਲ ਵਿੱਦਿਅਕ ਨਿਰੀਖਣ ਕਰਨਾ।

ਮਡੀਊਲ 1

## 5.1: ਕਿਰਿਆਸ਼ੀਲ ਸਿਖਲਾਈ ਸਿਧਾਂਤਾਂ ਪ੍ਰਤੀ ਨਜ਼ਰੀਆਂ ਅਪਨਾਉਣਾ-

ਵਿਦਿਆਰਥੀ ਨੂੰ ਇਲਮ ਹਮੇਸ਼ਾਂ ਡਰ ਰਹਿਤ ਵਾਤਾਵਰਣ ਵਿੱਚ ਦੇਣਾ ਚਾਹੀਦਾ ਹੈ। ਸਕੂਲਾਂ ਨੂੰ ਚਾਹੀਦਾ ਹੈ ਕਿ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ਼, ਵੱਧ ਚੜ੍ਹ ਕੇ ਅੱਗੇ ਆਉਣਾ, ਸਮੀਖਿਆ ਸੋਚਣ ਕਲਾ ਨੂੰ ਉੱਨਤ ਕਰਨਾ ਤੇ ਚੁੱਸਤ ਦਿਮਾਗ ਦੀ ਕਲਾ ਪੈਦਾ ਕਰਨਾ। ਇਸ ਤਰ੍ਹਾਂ ਇੱਕ ਵਿਦਿਆਰਥੀ ਦੇਸ਼ ਦਾ ਚੰਗਾ ਨਾਗਰਿਕ ਬਣ ਸਕਦਾ ਹੈ ਅਤੇ ਸਮਾਜ ਲਈ ਵੱਡਮੁੱਲਾ ਯੋਗਦਾਨ ਪਾ ਸਕਦਾ ਹੈ। ਇਸ ਲਈ ਜ਼ਰੂਰਤ ਹੈ ਰਟਾਉਣ ਸਿੱਖਿਆ ਨੂੰ ਛੱਡ ਕੇ ਅਜਿਹੀ ਸਿਖਾਉਣ ਵਿਧੀ ਨੂੰ ਅਪਨਾਉਣ ਦੀ ਜਿਸ ਵਿੱਚ ਵਿਦਿਆਰਥੀ ਅਨੰਦ ਮਹਿਸੂਸ ਕਰੇ। ਬਾਲ ਕੇਂਦਰਿਤ ਅਧਿਆਪਨ ਹੀ ਵਿਦਿਆਰਥੀਆਂ ਨੂੰ ਹੁਸ਼ਿਆਰ ਅਤੇ ਸੂਝਵਾਨ ਬਣਾਉਂਦਾ ਹੈ। ਇਹੀ ਅਧਿਆਪਨ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਨੂੰ ਮਜ਼ਬੂਤ ਬਣਾਉਂਦਾ ਹੈ। ਤੁਸੀਂ ਵੀਡੀਓ ਲਿੰਕ ਰਾਹੀਂ ਵਿਸਥਾਰ ਵਿੱਚ ਕਿਰਿਆਸ਼ੀਲ ਸਿਖਲਾਈ ਸਿਧਾਂਤਾਂ ਦੀ ਜਾਣਕਾਰੀ ਹਾਸਿਲ ਕਰ ਸਕਦੇ ਹੋ।

CHECK VIDEO LINK IN AUDIO-VISUAL
RESOURCES ON YOUNG HISTORIANS

## ਮਡੀਊਲ 1

ਆਓ ਇੱਕ ਸਾਰਣੀ ਰਾਹੀਂ ਸਿੱਖਣ-ਸਿੱਖਾਉਣ ਦੀ ਪ੍ਰਕਿਰਿਆ ਵਿੱਚ ਅਕਿਰਿਆਸ਼ੀਲ ਸਿਖਲਾਈ ਅਤੇ ਕਿਰਿਆਸ਼ੀਲ ਸਿਖਲਾਈ ਬਾਰੇ ਜਾਣੀਏ।

| ਅਕਿਰਿਆਸ਼ੀਲ ਸਿਖਲਾਈ | ਕਿਰਿਆਸ਼ੀਲ ਸਿਖਲਾਈ |
|---|---|
| 1. ਅਧਿਆਪਕ ਦਾ ਬੱਚੇ ਅਤੇ ਅਧਿਐਨ ਦੇ ਸੁਧਾਰਨੀਕਰਨ ਵਿੱਚ ਰੁੱਝਿਆ ਹੋਣਾ। | 1. ਇਸ ਸਿਖਲਾਈ ਵਿੱਚ ਅਧਿਆਪਕ ਸਿਖਿਆਰਥੀ ਨੂੰ ਜੀਵਨ ਜਾਚ ਦੀ ਸੱਚਾਈ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਸਿਧਾਂਤ ਦੇ ਹਵਾਲੇ ਨਾਲ ਅਭਿਆਸ ਰਾਹੀਂ ਸਮਝਾਉਂਦਾ ਹੈ। |
| 2. ਗਿਆਨ ਨੂੰ ਸਿਖਿਆਰਥੀ ਲਈ ਵਸਤੂਪਰਕ ਅਤੇ ਉਪਾਰਜਿਤ ਹਿੱਸਾ ਸਮਝਣਾ। | 2. ਗਿਆਨ ਦੀ ਸਿੱਖਿਆ ਨੀਜੀ, ਸਮਾਜਿਕ, ਪੜ੍ਹਾਉਣਾ, ਸਿੱਖਣ ਦਾ ਸੰਕਲਪ ਰਾਹੀਂ ਸਮੀਖਿਆ ਪ੍ਰਕਿਰਿਆ ਵਜੋਂ ਕਰਵਾਈ ਜਾਂਦੀ ਹੈ। |
| 3. ਆਤਮ ਪੜ੍ਹਾਈ ਅਤੇ ਸੋਚ ਕਿਰਿਆ ਲਈ ਬਹੁਤ ਘੱਟ ਮੌਕਾ। | 3. ਆਤਮ ਪੜ੍ਹਾਈ ਅਤੇ ਸੋਚ ਕਿਰਿਆ ਲਈ ਵਾਧੂ ਮੌਕੇ। |
| 4. ਵਿਦਿਆਰਥੀਆਂ ਦਾ ਇੱਕਲੇ ਪੜ੍ਹਾਈ ਦਾ ਕੰਮ ਕਰਨਾ ਅਤੇ ਅਭਿਆਸ ਕਰਨਾ। | 4. ਵਿਦਿਆਰਥੀਆਂ ਨੂੰ ਕੋਈ ਵੀ ਵਿਸ਼ਾ ਟੀਮ ਬਣਾ ਕੇ ਸਿਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। |
| 5. ਵਿਦਿਆਰਥੀਆਂ ਲਈ ਸਮਾਜਿਕ ਸੱਚਾਈ ਅਤੇ ਅਧਿਐਨ ਪ੍ਰਕਿਰਿਆ ਦੀ ਕਲਪਨਾ ਕਰਨ ਲਈ ਅਸਥਾਨ ਨਾ ਹੋਣਾ। | 5. ਵਿਦਿਆਰਥੀਆਂ ਲਈ ਸਮਾਜਿਕ ਸੱਚਾਈ ਅਤੇ ਅਧਿਐਨ ਪ੍ਰਕਿਰਿਆ ਦੀ ਕਲਪਨਾ ਲਈ ਵਾਧੂ ਅਸਥਾਨ ਦਾ ਹੋਣਾ। |
| 6. ਰੱਟੇ ਲਾਉਣ ਨੂੰ ਵਧਾਵਾ ਦੇਣਾ। | 6. ਅਧਿਐਨ ਨੂੰ ਰੋਚਕ ਬਣਾਉਣਾ ਅਤੇ ਰੱਟਣ ਪ੍ਰਕਿਰਿਆ ਨੂੰ ਹੋੜਨਾ। |
| 7. ਅਕਿਰਿਆਸ਼ੀਲ ਸਿਖਲਾਈ ਕਦਰਾਂ ਕੀਮਤਾਂ ਵਾਲੀ ਵਿੱਦਿਆ ਦਾ ਰਾਹ ਨਹੀਂ ਦਿਖਾਉਂਦੀ। | 7. ਇਹ ਸਿਖਲਾਈ ਲੋਕਤੰਤਰਿਕ ਢੰਗ ਨਾਲ ਜਿਉਣਾ ਸਿਖਾਉਂਦੀ ਹੈ। |

ਸਾਧਨ: NCFTE(2009)http://ncte_india.org/ncte_new/pdf/NCFTE_2010.pdf

## 5.2 :ਬਤੌਰ ਸਕੂਲ ਮੁਖੀ ਅਧਿਆਪਕੀ ਪ੍ਰੀਖਿਆ  ਗਿਆਨ (ਵਿਸ਼ਾ ਵਸਤੂ)Pedagogical Content Knowledge)  ਦੀ ਜਾਣਕਾਰੀ ਹੋਣਾ ।

ਇਸ ਖੰਡ ਵਿੱਚ ਅਧਿਆਪਕੀ ਪ੍ਰੀਖਿਆ ਦਾ ਸੰਕਲਪ, ਅਧਿਐਨ ਨਤੀਜੇ ਅਤੇ ਸਕੂਲ ਮੁਲਾਂਕਣ ਬਾਰੇ ਜਾਣਕਾਰੀ ਹਾਸਿਲ ਕਰਾਂਗੇ ਜਿਹੜੇ ਕਿ ਇੱਕ ਵਿਦਿਅਕ ਆਗੂ ਦੀ ਸਥਾਪਨਾ ਕਰਦੇ ਹਨ।

ਆਮ ਸਿੱਖਿਆ ਸ਼ਾਸਤਰ ਗਿਆਨ (Pedagogical knowledge)

ਇਸ ਵਿੱਚ ਅਧਿਐਨ ਵਾਤਾਵਰਣ ਅਤੇ ਉਪਦੇਸ਼ ਨੀਤੀਆਂ ਜਮਾਤਾਂ ਦਾ ਇੰਤਜ਼ਾਮ ਅਤੇ ਵਿਦਿਆਰਥੀ ਕਿਵੇਂ ਗਿਆਨ ਉਸਾਰਦਾ ਹੈ( ਉਦਾਹਰਣ: ਕਿਰਿਆਸ਼ੀਲ ਅਧਿਐਨ ਸਿਧਾਂਤ) ਆਉਂਦੇ ਹਨ।

ਵਿਸ਼ਾ ਗਿਆਨ

ਇਹ ਵਿਸ਼ੇ ਸੰਬੰਧੀ ਵਿਸ਼ਾ ਵਸਤੂ ਗਿਆਨ ਸ਼ਾਮਿਲ ਕਰਦਾ ਹੈ।-

ਅਧਿਆਪਕੀ ਪ੍ਰੀਖਿਆ (ਵਿਸ਼ਾ-ਵਸਤੂ) ਗਿਆਨ:

ਇਸ ਵਿੱਚ ਇਹ ਦੇਖਿਆਂ ਜਾਦਾਂ ਹੈ ਕਿ ਉਚੇਚੇ ਤੌਰ ਉੱਤੇ ਕਿਸੇ ਖਾਸ ਇੱਕ ਵਿਸ਼ੇ ਨੂੰ ਵਿਦਿਆਰਥੀਆਂ ਨੂੰ ਕਿਰਿਆਸ਼ੀਲ ਅਧਿਐਨ ਤਰੀਕੇ ਨਾਲ ਪੜ੍ਹਾਉਣਾ, ਤਾਂ ਜੋ ਸਾਰੀਆਂ ਗਲਤ ਧਰਾਵਾਂ ਨੂੰ ਪਿੱਛੇ ਛੱਡ ਕੇ, ਵਿਦਿਆਰਥੀ ਦੇ ਪਿਛੋਕੜ, ਰੁੱਚੀਆਂ, ਸੱਭਿਆਚਾਰ, ਸਮਾਜਿਕ ਪਿਛੋਕੜ, ਸਿੱਖਣ ਜਰੂਰਤਾਂ ਆਦਿ ਨੂੰ ਸਮਝਿਆ ਜਾਵੇ ਅਤੇ ਤੰਦਰੁਸਤ ਸਿੱਖਣ-ਸਿਖਾਉਣ ਮਹੌਲ ਜਮਾਤ ਅਤੇ ਸਕੂਲ ਵਿੱਚ ਸਿਰਜਿਆ ਜਾਵੇ।

CHECK VEDIO LINK IN AUDIO VISUAL RESOURCES
ON PEDAGOGICAL- CONTENT KNOWLEDGE

ਤੁਸੀ ਇਸ ਵਿਸ਼ੇ ਦੀ  ਵਧੇਰੇ ਜਾਣਕਾਰੀ ਲਈ N.C.E.R.T. ਦੁਆਰਾ ਤਿਆਰ ਕੀਤੇ ਗਏ ਵੱਖੋ-ਵੱਖਰੇ ਵਿਸ਼ਿਆਂ ’ਤੇਂ ਮਾਪਦੰਡਾਂ ਨੂੰ https:// itpd.ncert.gov.in/. link’ ਤੇ ਦੇਖ ਸਕਦੇ ਹੋ।

## ਵਿਸ਼ਿਆਂ ਦਾ ਅਧਿਆਪਕੀ ਪ੍ਰੀਖਿਆ (ਵਿਸ਼ਾ-ਵਸਤੂ) ਗਿਆਨ :-

- ਵਾਤਾਵਰਣ ਅਧਿਆਪਨ
- ਵਿਗਿਆਨ ਅਧਿਆਪਨ
- ਹਿਸਾਬ ਅਧਿਆਪਨ
- ਸਮਾਜਿਕ ਸਿੱਖਿਆ ਅਧਿਆਪਨ
- ਭਾਸ਼ਾ ਅਧਿਆਪਨ

ਸਕੂਲ ਆਗੂ ਹੋਣ ਦੇ ਨਾਤੇ ਸਿੱਖਿਆ ਸ਼ਾਸਤਰ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਸਿੱਖਣ-ਸਿਖਾਉਣ ਪ੍ਰਕਿਰਿਆ ਵਿੱਚ ਤਬਦੀਲੀ ਤਾਂ ਹੀ ਸੰਭਵ ਹੈ ਜੇਕਰ ਅਧਿਐਨ ਨਤੀਜੇ ਅਤੇ ਸਕੂਲ ਸੰਬੰਧੀ ਮੁਲਾਂਕਣ, ਕਿਸੇ ਦਰਜਿਆਂ ਤੇ ਨਹੀਂ ਸਗੋਂ ਵਿਦਿਆਰਥੀਆਂ ਦੀ ਸਿਖਣ-ਸ਼ਕਤੀ ਹੁਨਰ ਅਤੇ ਗਿਆਨ ਹਾਸਿਲ ਕਰਨ ਦੀ ਸਮੱਰਥਾ ਉੱਪਰ ਨਿਰਭਰ ਹੋਵੇ।

## ਅਧਿਐਨ ਨਤੀਜੇ ਕੀ ਹਨ?

ਅਧਿਐਨ ਨਤੀਜੇ ਵਿਦਿਆਰਥੀਆਂ ਦੇ ਸਾਲ ਭਰ ਦੀ ਪੜ੍ਹਾਈ ਜਾਂ ਕਿਸੇ ਕੋਰਸ ਪੂਰਾ ਹੋਣ ਮਗਰੋਂ ਕੀਤਾ ਜਾਣ ਵਾਲਾ ਉਸ਼ਦੇ ਹੁਨਰ, ਗਿਆਨ, ਸੋਚਣ ਸ਼ਕਤੀ ਦਾ ਮੁਲਾਂਕਣ ਹੈ ਜੋ ਕਿ ਗੁਣਾਤਮਿਕ ਅਤੇ ਗਣਨਾਤਮਿਕ ਮਾਪ ਵਜੋਂ ਕੀਤਾ ਜਾਂਦਾ ਹੈ, ਤਾਂਕਿ ਵਿਦਿਆਰਥੀ ਦੇ ਸਿੱਖਣ ਦਾ ਮੁਲਾਂਕਣ ਸਰਵਪੱਖੀ ਵਿਕਾਸ ਨੂੰ ਦਰਸਾ ਸਕੇ।

## ਦੋ ਅਧਿਐਨ ਨਤੀਜੇ ਉਦਾਹਰਣ ਦੇ ਤੌਰ ਤੇ ਵਾਤਾਵਰਣ ਵਿਸ਼ੇ ਵਿੱਚ:-

- ਸਿਖਿਆਰਥੀ ਭੋਜਨ ਅਤੇ ਪਾਣੀ ਦੀ ਜ਼ਰੂਰਤ ਇਨਸਾਨਾਂ, ਪੰਛੀਆਂ ਅਤੇ ਜਾਨਵਰਾਂ ਨੂੰ ਕਿਉਂ ਹੈ ਬਾਰੇ ਵਿਸਥਾਰ ਵਿੱਚ ਸਮਝਾਵੇਗਾ।
- ਸਿਖਿਆਰਥੀ (ਲਿੱਖਿਤ, ਮੂੰਹ ਜ਼ੁਬਾਨੀ, ਜਾਂ ਆਦਿ ਤਰੀਕਿਆ) ਨਾਲ ਪਰਿਵਾਰ ਦੀ ਜ਼ਰੂਰਤ, ਇੱਕਠੇ ਰਹਿਣ ਦੀ ਲੋੜ, ਪਰਿਵਾਰ ਦਾ ਪ੍ਰਭਾਵ ਜੀਵਨ ਵਿੱਚ ਕੀ ਹੈ ਬਾਰੇ ਵੀ ਦੱਸੇਗਾ।

ਉਪਰੋਕਤ ਅਧਿਐਨ ਨਤੀਜਿਆਂ ਨੂੰ ਹਾਸਿਲ ਕਰਨ ਲਈ ਸਿਖਿਰਾਥੀਆਂ ਨੂੰ ਵੱਧ ਤੋਂ ਵੱਧ ਮੌਕੇ ਇਕੱਠੇ ਕੰਮ ਕਰਨਾ, ਚੌਗਿਰਦੇ ਨੂੰ ਗੌਰ ਨਾਲ ਦੇਖਣਾ ਅਤੇ ਸਮਝਣਾ, ਇਨ੍ਹਾਂ ਚੀਜ਼ਾ ਨੂੰ ਕਲਮਬੰਦ ਕਰਨਾ, ਬਜ਼ੁਰਗਾਂ ਜਾਂ ਵੱਡਿਆ ਨਾਲ ਕਿਸੇ ਖਾਸ ਵਿਸ਼ੇ ਨਾਲ ਸੰਬੰਧਿਤ ਗੱਲ ਬਾਤ ਕਰਨੀ, ਜਾਣਕਾਰੀ ਇਕੱਠੀ ਕਰਨੀ, ਆਦਿ ਸਰੋਤਾਂ ਰਾਹੀ ਵਾਤਾਵਰਣ ਸਿੱਖਿਆ ਸ਼ਾਸਤਰ ਚੰਗੀ ਤਰ੍ਹਾਂ ਮੁੱਢ (ਪ੍ਰਾਈਮਰ) ਪੱਧਰ ਤੋਂ ਹੀ ਸਮਝਿਆ ਅਤੇ ਅਪਣਾਇਆ ਜਾ ਸਕਦਾ ਹੈ। ਅਧਿਐਨ ਦੇ ਇਹ ਮੌਕੇ ਹਰ ਪ੍ਰਕਾਰ ਦੇ ਬੱਚੇ ਖਾਸ ਤੌਰ ਉੱਤੇ ਵਿਸ਼ੇਸ ਜ਼ਰੂਰਤਾ ਵਾਲੇ ਬੱਚੇ, ਜਿੰਨ੍ਹਾਂ ਨੂੰ ਅੰਗ੍ਰੇਜ਼ੀ ਭਾਸ਼ਾ ਵਿੱਚ Children with special needs (C.W.S.N.) ਕਿਹਾ ਜਾਂਦਾ ਹੈ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ।

ਖਾਸ ਜ਼ਰੂਰਤਾਂ ਵਾਲੇ ਸਿਖਿਆਰਥੀਆਂ ਲਈ ਕੁਝ ਖਾਸ ਇੰਤਜ਼ਾਮ ਸਿੱਖਣ ਸਿਖਾਉਣ ਪ੍ਰਕਿਰਿਆਂ ਵਿੱਚ ਸ਼ਾਮਿਲ ਕਰਨੇ ਜ਼ਰੂਰੀ ਹਨ:-

- ਆਮ ਵਿਦਿਆਰਥੀਆਂ ਵਾਂਗ ਖਾਸ ਜ਼ਰੂਰਤਾ ਵਾਲੇ ਵਿਦਿਆਰਥੀਆਂ ਨੂੰ ਬਰਾਬਰ ਦੇ ਹੱਕ ਪ੍ਰਦਾਨ ਕਰਨੇ।
- ਸਿੱਖਣ ਸਿਖਾਉਣ ਦਾ ਵਾਤਾਵਰਣ ਹਰ ਇਕ ਦੀ ਜ਼ਰੂਰਤ ਅਨੁਸਾਰ ਅਨੁਕੂਲ ਹੋਵੇ।
- ਵੱਧ ਤੋਂ ਵੱਧ ਗਤੀਵਿਧੀਆਂ ਕਰਵਾਈਆਂ ਜਾਣ।
- ਜਮਾਤ ਵਿੱਚ ਸਹੀ ਪ੍ਰਬੰਧ ਹੋਣ ।
- ਆਡੀਓ-ਵੀਡਿਓ ਸਾਧਨਾ ਦੀ ਸਹਾਇਤਾ I.C.T (ਜਾਣਕਾਰੀ ਅਤੇ ਸੰਚਾਰ ਤਕਨੀਕਾਂ ਦੀ ਵਰਤੋਂ)
- ਇੰਨ੍ਹਾਂ ਸਿਖਿਆਰਥੀਆਂ ਦੀ ਤਾਕਤ ਅਤੇ ਕਮਜ਼ੋਰੀ ਨੂੰ ਜਾਣਨਾ।
- ਸਾਰੇ ਪਿਛੋਕੜਾਂ ਦੇ ਵਿਦਿਆਰਥੀਆਂ ਦੇ ਰੀਤੀ-ਰਿਵਾਜ਼ਾ ਦੀ ਕਦਰ ਕਰਨਾ।
- ਵਾਧੂ ਸਮਾਂ ਸਿੱਖਣ-ਸਿਖਾਉਣ ਵਿੱਚ ਲਗਾਉਣਾ।
- ਜ਼ਰੂਰੀ ਸਾਧਨ ਜਿਵੇਂ ਕਿ ਫੌੜ੍ਹੀਆ, ਐਨਕਾਂ, ਕੰਨਾਂ ਵਾਲੀ ਮਸ਼ੀਨ ਆਦਿ ਉਪਲੱਬਧ ਕਰਵਾਉਣਾ।

ਸੋ ਅਧਿਐਨ ਨਤੀਜੇ ਜਮਾਤ ਅਨੁਸਾਰ ਅਤੇ ਵਿਸ਼ੇ ਅਨੁਸਾਰ ਛੋਟੇ ਛੋਟੇ ਨਤੀਜਿਆਂ ਨਾਲ ਜੁੜੇ ਹੁੰਦੇ ਹਨ, ਜੋ ਕਿ ਸਿਖਿਆਰਥੀ ਦੀ ਸੰਪੂਰਨ ਉੱਨਤੀ ਦਾ ਗੁਣਾਤਮਿਕ ਅਤੇ ਗਣਨਾਤਮਿਕ ਮਾਪ ਕਰਦੇ ਹਨ। ਮੁਢਲੇ ਪੱਧਰ ਦੇ ਅਧਿਐਨ ਨਤੀਜਿਆਂ ਦੀ ਜਾਣਕਾਰੀ ਹਰ ਵਿਸ਼ੇ ਨਾਲ ਸੰਬੰਧਿਤ N.C.E.R.T. ਦੁਆਰਾ ਤਿਆਰ ਕੀਤੇ ਲਿੰਕ http://ncert.nic.in/ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## ਸਕੂਲ ਅਧਾਰਿਤ ਮੁਲਾਂਕਣ ਕੀ ਹੈ?

ਸਕੂਲ ਅਧਾਰਿਤ ਮੁਲਾਂਕਣ ਇੱਕ ਜੜਤਕਾਰੀ ਮੁਲਾਂਕਣ ਹੈ। ਸਿੱਖਣ-ਸਿਖਾਉਣ ਪ੍ਰਕਿਰਿਆਂ ਦਾ ਜਿਹੜਾ ਕਿ ਵਿਦਿਅਕ ਜੀਵਨ ਸ਼ਾਸਤਰ ਦਾ 'ਸਿੱਖਣ ਲਈ ਮੁਲਾਂਕਣ ਅਤੇ ਸਿੱਖਣ 'ਚ ਮੁਲਾਂਕਣ' ਹੈ। ਸਕੂਲ ਅਧਾਰਿਤ ਮੁਲਾਂਕਣ ਸਕੂਲੀ ਵਿਦਿਆਰਥੀਆਂ ਦਾ ਅਧਿਆਪਕਾਂ ਦੁਆਰਾ ਕੀਤਾ ਜਾਣ ਵਾਲਾ ਮੁਲਾਂਕਣ ਹੈ। ਇਹ ਇਕ ਆਮ ਅਭਿਆਸ ਹੈ, ਜਿਹੜਾ ਕਿ ਵਿਦਿਆਰਥੀਆਂ ਦੀ ਸਲਾਨਾ ਕਾਰਗੁਜ਼ਾਰੀ ਨੂੰ ਵੱਖੋ-ਵੱਖਰੇ ਵਿਸ਼ਿਆਂ ਵਿੱਚ ਦਰਸਾਉਂਦਾ ਹੈ। ਇਸ ਵਿੱਚ ਇਹ ਵੀ ਗੌਰਨ ਯੋਗ ਹੈ ਕਿ ਇਕੱਲੀ ਦਰਜ਼ਾਬੰਦੀ ਨਾਲ ਨਹੀਂ ਸਗੋਂ ਵਿਦਿਆਰਥੀਆਂ ਦੀਆਂ ਤਾਕਤਾਂ ਅਤੇ ਕਮਜ਼ੋਰੀਆਂ ਨੂੰ ਜਾਣਨ ਨਾਲ ਇੱਕ ਸਫ਼ਲ ਮੁਲਾਂਕਣ ਸਿੱਖਣ-ਸਿਖਾਉਣ ਪ੍ਰਕਿਰਿਆ ਦਾ ਹਿੱਸਾ ਬਣਦਾ ਹੈ।

## ਮੁਲਾਂਕਣ: ਕੀ, ਕਿਉਂ ਅਤੇ ਕਿਵੇਂ ?

ਮੁਲਾਂਕਣ ਦਾ ਮੁੱਖ ਮਕਸਦ ਵਿਦਿਆਰਥੀਆਂ ਦੀਆਂ ਸਿੱਖਣ ਜ਼ਰੂਰਤਾ ਨੂੰ ਸਮਝਣਾ ਅਤੇ ਉਨ੍ਹਾਂ ਦੀ ਸਿੱਖਣ ਪ੍ਰਕਿਰਿਆਂ ਵਿੱਚ ਆਏ ਪਾੜ (gap) ਨੂੰ ਖਤਮ ਕਰਨਾ ਹੈ।

ਆਓ ਮੁਲਾਂਕਣ ਬਾਰੇ ਜਾਣੀਏ:-

- ਮੁਲਾਂਕਣ ਦਾ ਮਾਪਦੰਡ ਕੀ ਹੈ?
- ਇਹ ਕੀ ਮਕਸਦ ਅਰਦਲ ਕਰਦਾ ਹੈ?

ਅਧਿਐਨ ਨਤੀਜੇ: ਮੁਲਾਂਕਣ ਦਾ ਮਾਪਦੰਡ:-

ਸਿੱਖਣ ਦਾ ਮਾਪਦੰਡ ਸਿਰਫ ਇਹੀ ਸਮਝਣਾ ਨਹੀਂ ਹੈ ਕਿ ਕਿਸ ਤਰ੍ਹਾਂ ਦੀ ਸਿਖਿਆ ਵਿਦਿਆਰਥੀ ਨੂੰ ਗ੍ਰਹਿਣ ਕਰਨ ਦੀ ਲੋੜ ਹੈ, ਸਗੋਂ ਕਿਸ ਤਰ੍ਹਾਂ ਦੇ ਮਾਪਦੰਡ ਅਪਣਾਉਣ ਦੀ ਲੋੜ ਹੈ, ਜਿਨ੍ਹਾਂ ਨਾਲ ਸਹੀ ਮਾਇਨਿਆਂ ਵਿੱਚ ਮੁਲਾਂਕਣ ਹੋ ਸਕੇ। ਕਿਸੇ ਵੀ ਪਾਠ ਕਰਮ ਜਾਂ ਕੋਰਸ ਦੇ ਅਖੀਰ ਵਿੱਚ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਤੋਂ ਕੀਤੇ ਗਏ ਵਿਦਿਆਰਥੀ ਦੇ ਅਧਿਐਨ ਮੁਲਾਂਕਣ ਸਪੂਰਨ ਨਹੀਂ ਹੈ, ਸਗੋਂ ਅਧਿਐਨ ਨਤੀਜੇ ਕਿਰਿਆਸ਼ੀਲ ਪ੍ਰਕਿਰਿਆਂ ਰਾਹੀ ਸਹੀ ਮੁਲਾਂਕਣ ਕਰਨ ਵਿੱਚ ਸਹਾਈ ਹੁੰਦੇ ਹਨ। ਗੁਣਾਤਮਿਕ ਸਿੱਖਿਆ ਤਾਂ ਹੀ ਵਿਦਿਆਰਥੀ ਨੂੰ ਸਫਲ ਇਨਸਾਨ ਬਣਾਉਂਦੀ ਹੈ ਜੇਕਰ ਵਿਦਿਆਰਥੀ ਸਵੈ ਅਤੇ ਅਧਿਆਪਕਾਂ, ਮਾਪੇ, ਸਕੂਲ ਪ੍ਰਬੰਧਕ ਕਮੇਟੀ (ਐੱਸ.ਐੱਮ.ਸੀ)ਆਦਿ ਦੇ ਸਹਿਯੋਗ ਨਾਲ ਵਿਦਿਆਰਥੀ ਦਾ ਸਹੀ ਮੁਲਾਂਕਣ ਹਰ ਪਾਠਕ੍ਰਮ ਖੇਤਰ ਵਿੱਚ ਸੰਭਵ ਹੋ ਸਕਦਾ ਹੈ।

ਮੁਲਾਂਕਣ ਦਾ ਮਕਸਦ: ਅਧਿਐਨ ਲਈ ਮੁਲਾਂਕਣ:

- ਮੁਲਾਂਕਣ ਸਿੱਖਣ-ਸਿਖਾਉਂਣ ਦੀ ਪ੍ਰਕਿਰਿਆ ਦਾ ਅਨਿੱਖੜਵਾਂ ਅੰਗ ਹੈ। ਇਸ ਵਿੱਚ ਅਧਿਆਪਕ ਅਤੇ ਵਿਦਿਆਰਥੀ ਲਗਾਤਾਰ ਇੱਕ ਦੂਜੇ ਨੂੰ ਸਿੱਖਣ ਸਿਖਾਉਣ ਪ੍ਰਕਿਰਿਆ ਦੇ ਸੁਝਾਅ ਦਿੰਦੇ ਹਨ। ਇਸ ਦਾ ਮੁੱਖ ਮਕਸਦ ਵਿਦਿਆਰਥੀ ਦਾ ਸਰਬ ਪੱਖੀ ਵਿਕਾਸ ਪੜ੍ਹਾਈ, ਹੁਨਰ, ਵਤੀਰਾ, ਉਤਸ਼ਾਹ, ਰੁੱਚੀ, ਗਿਆਨ ਆਦਿ ਪੱਖੋਂ ਕਰਨਾ ਹੈ। ਜਿਸ ਵਿੱਚ ਵਿਦਿਆਰਥੀ ਬਿੰਨ੍ਹਾਂ ਕਿਸੇ ਡਰ ਤੋਂ ਆਪਣੀ ਸੰਪੂਰਨ ਉੱਨਤੀ ਲਈ ਉਪਰਾਲੇ ਕਰਦਾ ਹੈ। ਮੁਲਾਂਕਣ ਦਾ ਮੁੱਖ ਮਕਸਦ ਸਿਰਫ 'ਬਾਲ ਕੇਂਦਰਿਤ ਮੁਲਾਂਕਣ' ਕਰਨਾ ਹੈ।
- ਵਿਦਿਆਰਥੀ ਨੂੰ ਵੱਧ ਤੋਂ ਵੱਧ ਮੌਕੇ ਆਪਣੇ ਆਪ ਨੂੰ ਨਿਖੇੜਨ, ਸੋਚ ਕਿਰਿਆ, ਇਕੱਠੇ ਦਲ ਬਣਾ ਕੇ ਕੰਮ ਕਰਨਾ, ਉਤਸ਼ਾਹਿਤ ਕਰਨਾ, ਸਵੈ-ਮੁਲਾਂਕਣ ਕਰਨਾ ਸਿੱਖਣ-ਸਿਖਾਉਣ ਪ੍ਰਕਿਰਿਆਂ ਦਾ ਹਿੱਸਾ ਹੈ।
- ਅਧਿਐਨ ਨਤੀਜਿਆਂ ਦਾ ਸੁਮੇਲ ਹੈ, ਜਿਹੜਾ ਕਿ ਨਿਰਧਾਰਿਤ ਪਾਠਕ੍ਰਮ ਦੇ ਉਦੇਸ਼ਾਂ ਅਨੁਸਾਰ ਬਣਾਇਆ ਗਿਆ ਹੈ।
- ਅਧਿਆਪਕਾਂ ਨੂੰ ਵਿਦਿਆਰਥੀ ਦੇ ਮੁਲਾਂਕਣ ਨੂੰ ਸਬੂਤ ਵਜੋਂ ਕਲਮਬੰਦ ਕਰਕੇ ਕਿਸੇ ਰਜਿਸਟਰ ਜਾਂ ਰੋਜ਼ਨਾਮਚਾ ਵਿੱਚ ਨਰਿੰਤਰ ਲਿੱਖਣਾ ਚਾਹੀਦਾ ਹੈ। ਜਿਸ ਨਾਲ ਵਿਦਿਆਰਥੀ ਅਤੇ ਅਧਿਆਪਕ ਦੋਵੇਂ ਧਿਰਾਂ ਨੂੰ ਵਿਦਿਆਰਥੀ ਦੀਆਂ ਕਮਜ਼ੋਰੀਆਂ ਅਤੇ ਤਾਕਤਾਂ ਬਾਰੇ ਪਤਾ ਲਗਦਾ ਹੈ। ਇਸ ਤਰ੍ਹਾਂ ਜ਼ਰੂਰਤਾਂ ਅਨੁਸਾਰ ਸਿੱਖਣ-ਸਿਖਾਉਣ ਪ੍ਰਕਿਰਿਆ ਵੀ ਮਜ਼ਬੂਤ ਬਣਦੀ ਹੈ।

## 5.3: ਸਕੂਲ 'ਚ ਅਕਾਦਮਿਕ (ਵਿੱਦਿਅਕ) ਨਿਰੀਖਣ

- ਸਿੱਖਾਉਣ ਅਭਿਆਸ ਵਿੱਚ ਨਵੇਂ ਸਿਧਾਂਤਾਂ ਨੂੰ ਸ਼ਾਮਿਲ ਕਰਨਾ।

ਨਿਰੰਤਰ ਅਧਿਆਪਕਾਂ ਨੂੰ ਗਿਆਨ ਅਤੇ ਸਿਧਾਂਤਾਂ ਬਾਰੇ ਜਾਣੂ ਕਰਵਾਉਣਾ ਤਾਂ ਕਿ ਜਮਾਤ ਪ੍ਰਕਿਰਿਆ ਵਿੱਚ ਵਿਦਿਆਰਥੀ ਵੱਧ ਤੋ ਵੱਧ ਸਿੱਖਣ। ਬਤੌਰ ਵਿਦਿਅਕ ਆਗੂ ਸਕੂਲ ਦੇ ਨਿਰਿਖਣ ਦੇ ਮੋਢੀ ਹੋਣ। ਜਿਸ ਵਿੱਚ ਅਧਿਆਪਕਾਂ ਨੂੰ ਪ੍ਰੇਰਿਤ ਕਰਨਾ , ਮਿਲ ਜੁਲ ਕੇ ਕੰਮ ਕਰਨਾ,ਅਧਿਆਪਕਾਂ ਲਈ ਟੀਚੇ ਮਿੱਥਣਾ, ਮੌਕੇ ਦੇਣਾ ਆਦਿ ਪ੍ਰਕਿਰਿਆਵਾਂ ਦਾ ਹੋਣਾ ਜ਼ਰੂਰੀ ਹੈ। ਵਿਦਿਅਕ ਨਿਰਦੇਸ਼ਕ ਸਮਾਜ ਦੇ ਹਰ ਵਰਗ ਨਾਲ ਮਿਲਜੁੱਲ ਕੇ ਵਿਦਿਆਰਥੀ ਦੇ ਗਿਆਨ ਵਿੱਚ ਵਾਧਾ ਕਰਨ ਲਈ ਕੰਮ ਕਰਦਾ ਹੈ।

ਨਿਰੀਖਣ ਕੀ ਹੈ?

- ਦਿਸ਼ਾ।
- ਸਾਰੇ ਕਾਰਕੁਨਾਂ ਦਾ ਤਾਲਮੇਲ।
- ਅਧਿਆਪਕਾਂ ਨੂੰ ਸੁਝਾਅ ਅਤੇ ਸਹਾਰਾ ਦੇਣਾ।
- ਉੱਨਤੀ ਦੀ ਸਮਿਖਿਆ ਕਰਨੀ।

ਨਿਰੀਖਣ ਦੌਰਾਨ ਸਕੂਲੀ ਮੁਖੀ ਅਤੇ ਅਧਿਆਪਕ ਵਿਚਲਾ ਤਾਲਮੇਲ:

ਇਹ ਤਾਲਮੇਲ ਇੱਕ ਮਜ਼ਬੂਤ ਡੋਰ ਹੈ ਆਪਸੀ ਵਿਸ਼ਵਾਸ ਅਤੇ ਆਦਰ ਦੀ ਸਿਖਿਆਰਥੀ (ਆਧਿਆਪਕ) ਅਤੇ ਨਿਰਦੇਸ਼ਕ (ਮੁਖ ਅਧਿਆਪਕ) ਵਿਚਲੀ, ਜਿੰਨ੍ਹਾਂ ਦੇ ਸਹਿਯੋਗ ਨਾਲ ਵਿਦਿਆਰਥੀ ਦੀ ਉੱਨਤੀ ਸੰਭਵ ਹੈ।

ਅਕਾਦਮਿਕ (ਵਿਦਿਅਕ) ਨਿਰਦੇਸ਼ਕ ਦੇ ਕਾਰਜ:-

- ਯੋਜਨਾਬੰਦੀ- ਅਧਿਆਪਕਾ ਦੇ ਕੰਮ ਦੀ ਰੋਜ਼ਾਨਾ ਯੋਜਨਾ ਬਣਾਉਣਾ।
- ਸੁਖਾਂਵਾ ਵਾਤਾਵਰਣ ਸਿਰਜਣਾ-ਸਕੂਲ ਦੀ ਜ਼ਰੂਰਤ ਅਨੁਸਾਰ ਹਰ ਸੰਭਵ ਲੋੜ ਨੂੰ ਪੂਰਾ ਕਰਨਾ।
- ਅਗਵਾਈ ਅਤੇ ਦਿਸ਼ਾਵਾਂ-ਬਤੌਰ ਆਗੂ ਚੰਗੇ ਦਿਸ਼ਾ-ਨਿਰਦੇਸ਼ ਅਧਿਆਪਕਾ ਨੂੰ ਦੇਣਾ।
- ਉਤਸ਼ਾਹ- ਅਧਿਆਪਕਾਂ ਨੂੰ ਉਤਸ਼ਾਹਿਤ ਕਰਨਾ।
- ਨਵੇਂ ਪੜ੍ਹਾਉਣ ਦੇ ਤਰੀਕੇ ਲਾਗੂ ਕਰਨਾ-ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧੇ ਲਈ ਸਿੱਖਣ-ਸਿਖਾਉਣ ਦੇ ਨਵੇਂ ਸਿਧਾਂਤ ਅਪਨਾਉਣੇ।
- ਪੜਤਾਲ- ਪੜਤਾਲ ਇਕ ਮੁੱਖ ਕਾਰਜ ਹੈ ਨਿਰਦੇਸ਼ਕ ਦਾ ਜਿਸ ਨਾਲ ਅਧਿਆਪਕ ਦੀ ਕਾਰਗੁਜ਼ਾਰੀ ਦਾ ਪਤਾ ਲੱਗਦਾ ਹੈ।

ਮਡੀਊਲ
1

ਟ੍ਰੇਨਿਗ ਵਿਧੀ ਅਕਾਦਮਿਕ (ਵਿਦਿਅਕ) ਨਿਰੀਖਣ ਲਈ:- ਕਿਵੇਂ ਨਿਰੀਖਣ ਕਰੀਏ?

ਤੁਸੀ ਜਾਂਚ, ਸੁਝਾਅ ਅਤੇ ਨਿਰੀਖਣ ਕਰਨ ਦੀ ਵਧੇਰੇ ਜਾਣਕਾਰੀ ਹੇਠਾਂ ਦਿੱਤੇ ਲਿੰਕ ਤੋਂ ਪ੍ਰਾਪਤ ਕਰ ਸਕਦੇ ਹੋਂ।

Check Video Link in Audio-visual Resources on Observation , Feedback and Supervision

ਹੇਠਾਂ ਦੋ ਟ੍ਰੇਨਿਗ ਵਿਧੀਆਂ ਦਰਸਾਈਆਂ ਗਈਆਂ ਹਨ, ਜਿਸ ਨਾਲ ਬਤੌਰ ਸਕੂਲ ਆਗੂ ਤੁਸੀਂ ਕਿਵੇਂ ਵਿਦਿਅਕ ਨਿਰੀਖਣ ਕਰ ਸਕਦੇ ਹੋ:-

- ਸਵਾਲ ਜਵਾਬ-ਬਿਆਨ ਕਰਨਾ-ਸਵਾਲ ਜਵਾਬ(Ask-Describe-Ask) ਇਸ ਵਿੱਚ ਨਿਰਦੇਸ਼ਕ ਅਫਸਰਾਨਾ ਭੂਮਿਕਾ ਨੂੰ ਛੱਡ ਕੇ ਲੋਕਤੰਤਰਿਕ ਭੂਮਿਕਾ ਗ੍ਰਹਿਣ ਕਰਦਾ ਹੈ। ਇਸ ਵਿੱਚ ਮੁੱਖ ਅਧਿਆਪਕ (ਨਿਰਦੇਸ਼ਕ ) ਅਤੇ ਅਧਿਆਪਕ (ਸਿੱਖਿਆਰਥੀ) ਇੱਕ ਦੂਜੇ ਤੋਂ ਸਿੱਖਦੇ ਹਨ। ਇਕ ਆਪਸੀ ਸਮਝੌਤੇ ਰਾਹੀ ਭਵਿੱਖ ਟੀਚੇ ਸੁਧਾਰ ਲਈ ਆਯੋਜਿਤ ਕਰਦੇ ਹਨ। ਇਸ ਪ੍ਰਕਿਰਿਆਂ ਦੀ ਵਧੇਰੇ ਜਾਣਕਾਰੀ, ਹੇਠ ਦਿੱਤੇ ਲਿੰਕ ਰਾਹੀ ਪ੍ਰਾਪਤ ਕੀਤੀ ਜਾ ਸਕਦੀ ਹੈ:-

http://pslm.niepa.ac.in/pluginfile.php/554/mod_book/chapter/102/Ask-Describe-Ask%20model.pdf

ਇਸ ਨਮੂਨੇ ਦੀ ਪੇਸ਼ ਕਦਮੀ ਹੇਠਾਂ ਕੀਤੀ ਗਈ ਹੈ:-

ਇਹ ਨਮੂਨਾ ਆਪਸੀ ਅਧਿਐਨ ਗੁਫਤਗੂ ਹੈ ਨਿਰਦੇਸ਼ਕ ਅਤੇ ਅਧਿਆਪਕ ਵਿਚਕਾਰ, ਜਿਹੜੀ ਕਿ ਕਿਸੇ ਅਧਿਆਪਕ ਦੁਆਰਾ ਲਈ ਗਈ ਜਮਾਤ ਦੀ ਜਾਂਚ 'ਤੇ ਅਧਾਰਿਤ ਹੈ।

1. ਸਭ ਤੋਂ ਪਹਿਲਾਂ ਅਧਿਆਪਕ ਨੇ ਸਿਖਾਉਣ ਅਭਿਆਸ ਦਾ ਮੁਲਾਂਕਣ ਖੁਦ ਨੂੰ ਸਵਾਲ-ਜਵਾਬ ਕਰਕੇ ਕਰਨਾ।

- ਅਧਿਆਪਕ ਦੇ ਪੜ੍ਹਾਉਣ ਦੇ ਕੀ ਟੀਚੇ ਸਨ।?
- ਕੀ ਜਮਾਤ ਵਿੱਚ ਚੰਗਾ ਹੋਇਆ ਜਾਂ ਹੋਰ ਚੰਗਾ ਕਿਵੇਂ ਹੋ ਸਕਦਾ ਸੀ?

  ਇਸ ਤਰ੍ਹਾਂ ਅਧਿਆਪਕ ਦਾ ਹੌਂਸਲਾ ਵੱਧਦਾ ਹੈ ਅਤੇ ਨਿਰਦੇਸ਼ਕ ਨਾਲ ਉਹ ਆਪਣੇ ਪੜ੍ਹਾਉਣ-ਸਿੱਖਾਉਣ ਦੀ ਪ੍ਰਕਿਰਿਆ ਤੇ ਗੁਫਤਗੂ (Conversation) ਕਰ ਸਕਦਾ ਹੈ।

2. ਬਤੌਰ ਜਮਾਤ ਦੇ ਨਿਰਦੇਸ਼ਕ ਤੁਸੀ ਕੀ ਜਾਂਚਿਆ, ਉਸਨੂੰ ਬਿਆਨ ਕਰੋ:-
    - ਅਧਿਆਪਕ ਨੂੰ ਸੰਪੂਰਨ ਜਾਣਕਾਰੀ ਬਿਆਨ ਕਰੋ।
    - ਅਧਿਆਪਕ ਦੇ ਸਵੈ-ਮੁਲਾਂਕਣ ‘ਤੇ ਸੁਝਾਅ ਦੇਵੋ।
    - ਹੁਕਮ ਨਾ ਚਲਾਓ, ਇਸ ਤਰ੍ਹਾਂ ਦੇ ਬੋਲ “ਮੈ ਜਾਂਚਿਆ---“ਦੀ ਵਰਤੋਂ ਕਰੋਂ।
    - ਇਸ ਤਰ੍ਹਾਂ ਅਧਿਆਪਕ ਦਾ ਆਪਣੇ ਪੜ੍ਹਾਉਣ-ਸਿਖਾਉਣ ਦੇ ਤਰੀਕੇ ਤੇ ਵਿਸ਼ਵਾਸ ਬਣਦਾ ਹੈ।
3. ਅਧਿਆਪਕ ਨਾਲ ਸੁਧਾਰ ਲਿਆਉਣ ਦੀ ਰਣਨੀਤੀ ਬਾਰੇ ਗੱਲ-ਬਾਤ ਕਰੋ।
    - ਸਾਡਾ ਅਧਿਐਨ ਕੀ ਹੈ ਅਤੇ ਅਧਿਆਪਕ ਅਗਲੀ ਬਾਰ ਵੱਖਰਾ ਕੀ ਕਰ ਸਕਦਾ ਹੈ।
    - ਤੁਸੀਂ ਆਪਣਾ ਸੁਝਾਅ ਅਧਿਆਪਕ ਨੂੰ ਦੇ ਸਕਦੇ ਹੋ, ਭਾਂਵੇ ਤੁਸੀ ਉਸ ਸਮੇਂ ਜਮਾਤ ਵਿੱਚ ਗੈਰਹਾਜ਼ਰ ਹੋ।
    - ਨਵੇਂ ਕਦਮ ਸ਼ਨਾਖ਼ਤ ਕਰੋ ਅਤੇ ਸੁਧਾਰ ਲਿਆਉਣ ਦੇ ਉਪਰਾਲੇ ਕਰੋ।

## ਅਧਿਐਨ ਦੌਰ(Learning Rounds)

ਅਧਿਐਨ ਦੌਰ ਅਧਿਆਪਕਾਂ ਅਤੇ ਸਕੂਲ ਆਗੂਆਂ ਨੂੰ ਸਿਖਾਉਣ ਅਭਿਆਸ ਦੇ ਮੱਦੇਨਜ਼ਰ ਜਮਾਤ ਦੀ ਜਾਂਚ ਦੇ ਸਮੂਹ ਵਜੋਂ ਸ਼ਾਮਿਲ ਕਰਦਾ ਹੈ। ਇਸ ਦਾ ਮਕਸਦ ਪ੍ਰਭਾਵਸ਼ਾਲੀ ਤਰੀਕੇ ਨਾਲ ਸਕੂਲ ਦੀਆਂ ਔਕੜਾਂ ਦਾ ਸਮਾਧਾਨ ਕਰਨਾ ਅਤੇ ਸਿੱਖਣ-ਸਿੱਖਾਉਣ ਪ੍ਰਕਿਰਿਆ ਨੂੰ ਸਹੀ ਢੰਗ ਨਾਲ ਚਲਾਉਣਾ ਹੈ।

- ਹਰੇਕ ਵਿਦਿਆਰਥੀ ਦੀ ਸਿਖਣ ਗਤੀ ਇਕ ਖਾਸ ਵਿਸ਼ੇ ਵਿੱਚ ਵੱਖਰੀ ਹੁੰਦੀ ਹੈ।
- ਇਹ ਸਮਝਣਾ ਕਿ ਕੁੱਝ ਵਿਦਿਆਰਥੀਆਂ ਦੀਆਂ ਅਧਿਐਨ ਜ਼ਰੂਰਤਾ ਪੂਰੀਆਂ ਨਹੀ ਹੁੰਦੀਆਂ।
- ਅਧਿਆਪਕ ਦੁਆਰਾ ਉੱਚੇ ਅਤੇ ਨੀਵੇਂ ਕ੍ਰਮ ਦੇ ਸਵਾਲਾਂ ਦੀ ਵਰਤੋਂ ਕਰਨਾ।

  ਇਹ ਸਭ ਕੁਝ ਘੱਟੋ ਘੱਟ ਕਿਸੇ ਵਿਸ਼ੇਸ਼ ਵਿਸ਼ੇ ‘ਤੇ 30 ਮਿੰਟ ਦਾ ਨਿਰੀਖਣ ਕਰਕੇ ਕੀਤਾ ਜਾਂ ਸਕਦਾ ਹੈ ਅਤੇ ਸਿੱਖਿਅਕ ਪ੍ਰਣਾਲੀ ਵਿੱਚ ਉਚੇਚੀ ਤਬਦੀਲੀ ਲਿਆਂਦੀ ਜਾਂ ਸਕਦੀ ਹੈ। ਸਿੱਖਣ-ਸਿਖਾਉਣ ਪ੍ਰਕਿਰਿਆ ਵਿੱਚ ਸਕੂਲ ਵਿੱਚ ਪੜ੍ਹਾਉਣ ਵਾਲੇ ਅਤੇ ਸੰਗਠਨ ਪੱਧਰ ਦੇ ਕਾਰਕੁਨਾਂ ਦਾ ਨਿਰੰਤਰ ਜਾਂਚ ਕਰਨਾ ਅਤਿਅੰਤ ਜ਼ਰੂਰੀ ਹੈ।

# 6. ਸਕੂਲ ਵਿੱਚ ਸਿਖਲਾਈ ਸੱਭਿਆਚਾਰ ਸਿਰਜਣਾ

ਸਕੂਲ ਵਿੱਚ ਇੱਕ ਸਿਖਲਾਈ ਸੱਭਿਆਚਾਰ ਨੂੰ ਇੱਕ ਅਜਿਹੇ ਵਾਤਾਵਰਣ ਜੋਕਿ ਖੁੱਲ੍ਹੀ ਮਾਨਸਿਕਤਾ ਗਿਆਨ ਲਈ ਸੁਤੰਤਰ ਖੋਜ ਅਤੇ ਸਕੂਲ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਾਲੀ ਸਾਂਝੀ ਸਿਖਲਾਈ, ਵਿੱਚ ਮਦਦਗਾਰ ਹੋਵੇ ਵਜੋਂ ਪਰਭਾਸ਼ਿਤ ਕੀਤਾ ਜਾ ਸਕਦਾ ਹੈ। ਉਤਸ਼ਾਹ ਭਰਿਆ ਸਿਖਲਾਈ ਸੱਭਿਆਚਾਰ ਵਾਲਾ ਸਕੂਲ, ਸਕੂਲ ਮੁਖੀਆਂ, ਅਧਿਆਪਕਾਂ ਤੇ ਵਿਦਿਆਰਥੀਆਂ ਵਿੱਚ ਲਗਾਤਾਰ ਸਿੱਖਣ/ਸਿਖਲਾਈ ਨੂੰ ਪ੍ਰੋਸਾਹਿਤ ਕਰਦਾ ਹੈ। ਹਾਲਾਂਕਿ ਸਿਖਲਾਈ ਸੱਭਿਆਚਾਰ ਸਿਰਜਣ ਲਈ ਪਹਿਲਾ ਕਦਮ ਤੁਹਾਡੇ, ਸਕੂਲ ਮੁਖੀ ਵੱਲੋਂ ਚੁੱਕਿਆ ਜਾਣਾ ਬਣਦਾ ਹੈ। ਤੁਹਾਡਾ ਸਿਖਲਾਈ, ਸਾਂਝ, ਪ੍ਰਤਿਕਿਰਿਆ ਦੀ ਖੋਜ, ਤੇ ਸੁਧਾਰ ਪ੍ਰਤੀ ਨਜ਼ਰੀਆ ਦੂਜਿਆਂ ਦੇ ਸੁਭਾਅ ਨੂੰ ਪ੍ਰੇਰਿਤ ਕਰਨ ਅਤੇ ਸਿਖਲਾਈ ਵਾਤਾਵਰਣ ਨੂੰ ਸਿਰਜਣ ਵਿੱਚ ਇੱਕ ਮਿਸਾਲ ਦੇ ਤੌਰ ਤੇ ਕੰਮ ਕਰ ਸਕਦਾ ਹੈ। ਇਹ ਸਭ ਕੁੱਝ ਇਕ ਅਜਿਹਾ ਵਾਤਾਵਰਣ ਸਿਰਜਣ ਲਈ ਜ਼ਰੂਰੀ ਹਨ ਜਿੱਥੇ ਕੋਈ ਵੀ ਸਕੂਲੀ ਘੇਰੇ ਤੋਂ ਬਾਹਰ ਆਪਸੀ ਸਾਂਝ ਅਤੇ ਹੋਰ ਸਰੋਤਾਂ ਤੇ ਸਿਖਲਾਈ ਪ੍ਰਾਪਤ ਕਰ ਸਕੇ। ਤੁਸੀਂ ਹੇਠ ਲਿਖੇ ਕਦਮ ਚੁੱਕ ਸਕਦੇ ਹੋ

- ਅਧਿਆਪਕਾਂ ਦੀ ਪੇਸ਼ੇਵਰ ਕਾਬਲੀਅਤ ਦੇ ਵਿਕਾਸ ਲਈ ਮੌਕੇ ਪ੍ਰਦਾਨ ਕਰਨਾ।
- ਪ੍ਰਤੀਕਿਰਿਆ ਦਾ ਆਦਾਨ ਪ੍ਰਦਾਨ।
- ਬਦਲਾਵ ਅਤੇ ਨਵੀਨੀਕਰਣ ਨੂੰ ਉਤਸ਼ਾਹਿਤ ਕਰਨਾ
- ਸੰਗਠਿਤ ਕਾਰਜ ਵਿੱਚ ਗਿਆਨ ਅਤੇ ਸੂਚਨਾ ਸਾਂਝ ਵਿੱਚ ਵਾਧਾ ਕਰਨਾ।

ਇਸ ਭਾਗ ਵਿੱਚ ਤੁਸੀਂ ਸਕੂਲ ਵਿੱਚ ਸਿਖਲਾਈ ਸੱਭਿਆਚਾਰ ਨੂੰ ਸਿਰਜਣ ਦੇ ਦੋ ਪ੍ਰਮੁੱਖ ਅੰਗਾਂ ਵਿਚਾਰ ਕਾਰਜ ਅਤੇ ਸਾਂਝੀ ਸਿਖਲਾਈ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਾਂਗੇ।

## 6.1 ਅਧਿਆਪਕ ਅਤੇ ਸਕੂਲ ਮੁੱਖੀ ਵਿਚਾਰਾਤਮਕ ਅਭਿਆਸਕਰਤਾ ਵੱਜੋਂ।

ਵਿਚਾਰ ਕਾਰਨ ਨੂੰ ਸਵੈ ਪ੍ਰੀਖਿਆ ਅਤੇ ਸਵੈ ਮੁਲਾਂਕਣ ਦੇ ਕਾਰਜਾਂ ਵੱਜੋਂ ,ਸਮਝਿਆ ਜਾ ਸਕਦਾ ਹੈ। ਜਿਹਨਾਂ ਨਾਲ ਲਗਾਤਾਰ ਜੁੜੇ ਰਹਿ ਕੇ ਅਧਿਆਪਕ ਅਤੇ ਸਕੂਲ ਮੁਖੀ ਆਪਣੀ ਪੇਸ਼ੇਵਰ ਪ੍ਰਤੀਕਿਰਿਆ ਦੀ ਜਾਂਚ ਅਤੇ ਵਿਕਾਸ ਕਰ ਸਕਦੇ ਹਨ। ਵਿਚਾਰ ਕਾਰਜ ਇੱਕ ਮਹੱਤਵਪੂਰਣ ਤਕਨੀਕ/ਸਾਧਨ ਹੈ ਜਿਸ ਨਾਲ ਤੁਸੀਂ ਆਪਣੀਆਂ ਕਿਰਿਆਵਾਂ ਦਾ ਗਹਨ ਮੁਲਾਂਕਣ ਕਰ ਸਕਦੇ ਹੋ। ਵਿਅਕਤੀ ਵਿਸ਼ੇਸ ਜਿਹੜੇ ਆਪਣੀ ਪੇਸ਼ੇਵਰ ਯੋਗਤਾ ਵਿੱਚ ਵਿਚਾਰ ਕਾਰਜ ਕਰਦੇ ਹਨ ਨੂੰ ਵਿਚਾਰਾਤਮਕ ਅਭਿਆਸਕਰਤਾ ਕਿਹਾ ਜਾਂਦਾ ਹੈ। ਇੱਕ ਅਧਿਆਪਕ ਵਿਚਾਰ ਕਾਰਜ ਦੀ ਤਕਨੀਕ ਦੀ ਵਰਤੋਂ ਪੜ੍ਹਾਉਂਦੇ ਸਮੇਂ ਜਾਂ ਬਾਅਦ ਵਿੱਚ, ਆਪਣੀ ਅਧਿਆਪਨ ਸ਼ੈਲੀ ਦੇ ਮੁਲਾਂਕਣ ਲਈ ਕਰ ਸਕਦਾ ਹੈ।

ਕਿਸ ਕੇਸ ਵਿੱਚ ਅਧਿਆਪਕ ਨੂੰ ਵਿਚਾਰ ਕਾਰਜ ਦੀ ਲੋੜ ਹੈ –

ਉਸਦੀ ਵਿਸ਼ੇ ਦੇ ਸੰਚਾਲਨ ਬਾਰੇ ਕੀ ਧਾਰਣਾ ਹੈ, ਪਾਠ ਕ੍ਰਮ ਕਿਵੇਂ ਤਿਆਰ ਕੀਤਾ ਗਿਆ ਹੈ, ਕਿ ਜਿਆਦਾ ਮਹੱਤ ਭਾਸ਼ਣ ਅਧਾਰਿਤ ਅਧਿਆਪਨ ਤੇ ਹੈ, ਜਾਂ ਬੱਚਿਆਂ ਦੀ ਸਿੱਖਣ ਦੀ ਲੋੜ ਨੂੰ ਵਿਸ਼ੇਸ਼ ਮੰਨਦੇ ਹੋਏ ਅਧਿਆਪਨ ਦੀਆਂ ਕਿਰਿਆਵਾਂ ਤਿਆਰ ਕੀਤੀਆਂ ਗਈਆਂ ਹਨ। ਬੱਚਿਆਂ ਪ੍ਰਤੀ ਧਾਰਣਾ/ਝੁਕਾਵ ਅਧਿਆਪਕ ਜਮਾਤ ਦੇ ਦੌਰਾਨ ਕੀ ਸੋਚਦਾ ਹੈ ਕਿ ਉਸਦੇ ਵਿਦਿਆਰਥੀ ਸਿੱਖਣ ਲਾਇਕ ਹੈ ਜਾਂ ਨਹੀਂ।

ਲਗਾਤਰ ਵਿਚਾਰ ਕਾਰਜ ਨਾਲ ਜੁੜੇ ਰਹਿਣਾ, ਪੜ੍ਹਾਉਣ ਜਾਂ ਅਗਵਾਈ ਦੀ ਯੋਗਤਾ ਵਿੱਚ ਵਿਕਾਸ ਕਰ ਸਕਦਾ ਹੈ। ਸਵੈ-ਮੁਲਾਂਕਣ ਦਾ ਕਾਰਜ ਪੁਰਾਣੀਆਂ ਸੱਮਸਿਆਵਾਂ, ਚੁਣੌਤੀਆਂ, ਨੀਤਿਆਂ ਨੂੰ ਰਚਨਾਤਮਕ ਤਰੀਕਿਆਂ ਨਾਲ ਹੱਲ ਕਰਨ ਅਤੇ ਨਵੀਂ ਸਮਝ ਦੇ ਬੂਹੇ ਖੋਲ੍ਹਦਾ ਹੈ। ਵਿਚਾਰ ਕਾਰਜ ਕਿਸੇ ਦੀ ਵੀ ਧਾਰਨਾ ਅਤੇ ਮਾਨਸਿਕ ਰੱਵਈਏ ਦੇ ਮੁਲਾਂਕਣ ਦਾ ਅਹਿਮ ਸਾਧਨ ਹੋ ਸਕਦਾ ਹੈ। ਹੇਠਾਂ ਇਕ ਨਿਰਦੇਸ਼ਕ ਢਾਂਚਾ ਦਿੱਤਾ ਗਿਆ ਹੈ ਜੋ ਕਿ ਇਹ ਸਮਝਣ ਵਿੱਚ ਸਹਾਇਕ ਹੋਵੇਗਾ ਕਿ ਤੁਹਾਡੇ ਸਕੂਲ ਵਿੱਚ ਅਧਿਆਪਨ ਸਿੱਖਣ ਪ੍ਰਕਿਰਿਆ ਨੂੰ ਖੱਬੇ ਤੋਂ ਸੱਜੇ ਪਾਸੇ ਵਧਾਉਣ ਦੀ ਕਿਵੇਂ ਲੋੜ ਹੈ। ਇਹ ਗਰਾਫ਼ ਤੁਹਾਨੂੰ ਆਪਣੇ ਵਿਚਾਰ ਕਾਰਜ ਨੂੰ ਸ਼ੁਰੂ ਕਰਨ ਵਿੱਚ ਵੀ ਮਦਦ ਕਰੇਗਾ।

| ਜਮਾਤ ਵਿੱਚ ਹੇਠਾਂ ਦਿੱਤੇ ਸਿੰਧਾਤ ਨੂੰ ਪ੍ਰਯੋਗ ਕਰਨ ਦੀ ਵਿਧੀ | | ਸੰਕਲਪ ਗਿਆਨ ਜਿਹੜਾ ਕਿ ਤਜਰਬਿਆਂ, ਜਾਂਚ ਅਤੇ ਸਿਧਾਂਤਾ ਤੋਂ ਗ੍ਰਹਿਣ ਕੀਤਾ ਹੋਵੇ। |
|---|---|---|
| -ਗਿਆਨ ਨੂੰ ਵਸਤੂਪੂਰਕ ਸਮਝਣਾ ਅਤੇ ਸਿੱਖਿਆਰਥੀ ਨੂੰ ਇਸ ਨੂੰ ਹਾਸਿਲ ਕਰਨ ਲਈ ਕਹਿਣਾ | ←→ | -ਗਿਆਨ ਜਿਹੜਾ ਨਿਜੀ ਅਤੇ ਸਮਾਜਿਕ ਤਜਰਬੇ ਸਿੱਖਣ-ਸਿੱਖਾਉਣ ਦੇ ਸੰਕਲਪ ਵਿੱਚ ਪਰਖ ਪੜਤਾਲ ਕਰਕੇ ਹਾਸਿਲ ਕਰਨਾ। |
| -ਸਿੱਖਿਆਰਥੀ ਦਾ ਕਿਸੇ ਵੀ ਵਿਸ਼ੇ ਉੱਪਰ ਅੱਡੋ-ਅੱਡ ਕੰਮ ਕਰਨਾ | ←→ | -ਸਿੱਖਿਆਰਥੀ ਵੱਖੋ-ਵੱਖਰੇ ਇੱਕਠੇ ਦਲ, ਟੀਮਾਂ ਆਦਿ ਬਣਾ ਕੇ ਕਰਦੇ ਹਨ। |
| -ਸਿੱਖਿਆਰਥੀ ਨੂੰ ਅਧਿਐਨ ਪ੍ਰਕਿਰਿਆ, ਸਮਾਜਿਕ ਸੱਚਾਈ ਨੂੰ ਜ਼ਾਹਿਰ ਕਰਨ ਦਾ ਮੌਕਾ ਨਾ ਦੇਣਾ | ←→ | -ਇਸ ਵਿੱਚ ਸਿੱਖਿਆਰਥੀ ਨੂੰ ਖੁੱਲ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਆਪ ਨੂੰ ਸਮਾਜ ਦਾ ਹਿੱਸਾ ਸਮਝੇ ਅਤੇ ਇਸ ਤੇ ਦੂਜਿਆਂ ਨਾਲ ਵਿਚਾਰ-ਵਟਾਂਦਰਾ ਕਰੇ। |
| -ਸਿੱਖਿਆਰਥੀ ਨੂੰ ਕਿਸੇ ਵੀ ਵਿਸ਼ੇ ਦੇ ਗਿਆਨ ਦੀ ਧਾਰਨਾ ਨੂੰ ਜਾਂਚ ਕਰਨ ਦਾ ਮੌਕਾ ਨਾ ਦੇਣਾ | ←→ | -ਗਿਆਨ ਪ੍ਰਤੀ ਗ਼ਲਤ ਧਾਰਨਾ ਦਾ ਭੁਲੇਖਾ ਦੂਰ ਕੀਤਾ ਜਾਂਦਾ ਹੈ। |

ਮਡੀਊਲ
1

## 6.2 ਅਧਿਐਨ ਨਤੀਜੇ ਵਧੀਆ ਲਿਆਉਣ  ਲਈ ਟੀਮ ਵਜੋਂ ਕੰਮ ਕਰਨਾ

ਸਿੱਖਣ-ਸਿੱਖਾਉਣ ਪ੍ਰਕਿਰਿਆ ਵਿੱਚ ਮਜ਼ਬੂਤੀ ਲਿਆਉਣ ਲਈ ਸਭ ਤੋਂ ਜ਼ਰੂਰੀ ਹੈ ਕਿ ਸਕੂਲ ਮੁੱਖੀ ਬਾਕੀ ਅਧਿਆਪਕਾਂ ਨਾਲ ਘੱਟੋ-ਘੱਟ ਮਹੀਨੇ ਵਿੱਚ ਇਕ ਜਾਂ ਦੋ ਵਾਰ ਮੀਟਿੰਗ ਰੱਖੇ। ਮੀਟਿੰਗ ਦਾ ਕੋਈ ਮੁੱਖ ਏਜੰਡਾ ਨਿਰਧਾਰਿਤ ਕੀਤਾ ਜਾਵੇ, ਜਿਹੜਾ ਕਿ ਸਕੂਲ ਦੀਆਂ ਸੱਮਸਿਆਵਾਂ ਅਤੇ ਵਿਦਿਆਰਥੀਆਂ ਨੂੰ ਗਿਆਨ ਮੁੱਹਈਆ ਕਰਵਾਉਣ ਵਿੱਚ ਸਹਾਈ ਹੋਵੇ। ਇਸ ਵਿੱਚ ਸਕੂਲੀ ਅਧਿਆਪਕ ਇੱਕ ਟੀਮ ਵਜੋਂ ਕੰਮ ਕਰਕੇ ਵਿਦਿਆਰਥੀਆਂ ਦਾ ਚੰਗਾ ਭੱਵਿਖ ਉਸਾਰ ਸਕਦੇ ਹਨ।

### ਸਫ਼ਲਤਾਪੂਰਨ ਸਟਾਫ਼ ਮੀਟਿੰਗਾਂ ਲਈ ਕੁੱਝ ਪੇਸ਼ਕਦਮੀ

- ਸਟਾਫ਼ ਮੀਟਿੰਗ ਦਾ ਮਕਸਦ ਤਸ਼ਰੀਹ (ਸਾਫ਼) ਕਰਨਾ।
- ਇਕ ਏਜੰਡਾ ਨਿਰਧਾਰਿਤ ਕਰਨਾ ਜਿਸ ਤੇ ਬਾਕੀ ਸਟਾਫ਼ ਨਾਲ ਵਿਚਾਰ ਵਟਾਂਦਰਾ ਕਰਨਾ ਹੋਵੇ।
- ਸਕੂਲ ਮੁੱਖੀ ਵਲੋਂ ਮੀਟਿੰਗ ਵਿੱਚ ਪਹਿਲਕਦਮੀ ਕਰਨੀ ਜਿਹੜੀ ਕਿ ਮੁੱਦੇ ਜਾਂ ਏਜੰਡੇ ਦੇ ਦੁਆਲੇ ਘੁੰਮਦੀ ਹੋਵੇ। ਸਬੂਤ ਅਧਾਰਿਤ ਸਹੀ ਫ਼ੈਸਲੇ ਲੈਣੇ।
- ਜ਼ਿੰਮੇਵਾਰੀਆਂ ਦੇਣੀਆਂ ਅਤੇ ਟੀਚੇ ਮਿੱਥਣੇ।
- ਸਭ ਦੀ ਹਿੱਸੇਦਾਰੀ ਹੋਣਾ।
- ਏਜੰਡੇ ਦੀ ਪੈਰਵੀ ਕਰਨੀ ਅਤੇ ਮੀਟਿੰਗ ਵਿੱਚ ਫ਼ੈਸਲੇ ਦੀ ਸਮੀਖਿਆ ਕਰਨੀ।

ਮਡੀਊਲ 1

# 7. ਸਕੂਲ ਵਿਕਾਸ ਨੀਤੀ

'ਸਕੂਲ ਵਿਕਾਸ ਨੀਤੀ' ਇੱਕ ਅਜਿਹੀ ਰਣ-ਨੀਤੀ ਹੈ ਜਿਸਦਾ ਮਕਸਦ ਸਹੀ ਦ੍ਰਿਸ਼ਟੀ, ਟੀਚੇ ਅਤੇ ਨਿਸ਼ਾਨੇ ਮਿੱਥਣੇ, ਤਾਂਕਿ ਸਕੂਲ ਦਾ ਸਰਵਪੱਖੀ ਵਿਕਾਸ ਇੱਛੁਕ ਨਤੀਜੇ ਗ੍ਰਹਿਣ ਕਰਨ ਲਈ ਨਿਰਧਾਰਿਤ ਸਮੇਂ ਵਿੱਚ ਹੋ ਸਕੇ। ਇਸਦਾ ਮੁੱਖ ਸੰਕਲਪ ਸਕੂਲ ਨੂੰ ਵਿਕਾਸ ਦੀ ਸਹੀ ਦਿਸ਼ਾ ਵੱਲ ਪਹੁੰਚਾਉਣਾ ਹੈ।

-ਮਾਰਗ ਦ੍ਰਸ਼ਕ ਦ੍ਰਿਸ਼ਟੀ:-

ਦ੍ਰਿਸ਼ਟੀ ਪਹਿਲਾ ਕਦਮ ਹੈ ਸਕੂਲ ਨੂੰ ਤਰੱਕੀ ਦੇ ਰਾਹ 'ਤੇ ਲਿਜਾਉਣਾ। ਇਸ ਵਿੱਚ ਸਮਾਜ ਦੇ ਸਾਰੇ ਵਰਗ ਸ਼ਾਮਿਲ ਹੁੰਦੇ ਹਨ।

- ਅਜਿਹੀ ਦ੍ਰਿਸ਼ਟੀ ਜਿਹੜੀ ਭਵਿੱਖਤ ਇਰਾਦਿਆਂ ਨੂੰ ਦਰਸਾਏ।
- ਅਜਿਹੀ ਦ੍ਰਿਸ਼ਟੀ ਜਿਸ ਦਾ ਵਿਚਾਰ ਇਹ ਹੋਵੇ ਕਿ ਹਰ ਇੱਕ ਵਿਦਿਆਰਥੀ ਸਿੱਖ ਸਕਦਾ ਹੈ।
- ਅਜਿਹੀ ਦ੍ਰਿਸ਼ਟੀ ਜਿਹੜੀ ਕਿ ਹਰ ਕਾਰਜ ਨੂੰ ਨਿਰਧਾਰਿਤ ਸਮੇਂ ਪੂਰੀ ਕਰ ਸਕਣ ਦੇ ਸਮੱਰਥ ਹੋਵੇ।

ਸੋ ਸਕੂਲ ਵਿਕਾਸ ਨੀਤੀ, ਇੱਕ ਅਜਿਹੀ ਮਾਰਗ ਦ੍ਰਸ਼ਕ ਪ੍ਰਕਿਰਿਆ ਹੈ ਜਿਹੜੀ ਸਕੂਲ ਵਿੱਚ ਤਬਦੀਲੀ ਨਿਸ਼ਚਿਤ ਸਮੇਂ ਵਿੱਚ ਲਿਆਉਣ ਲਈ ਸਹਾਈ ਹੁੰਦੀ ਹੈ।

ਸਕੂਲ ਵਿਕਾਸ ਨੀਤੀ ਨੂੰ ਤਿਆਰ ਕਰਨ ਲਈ ਤਿੰਨ ਫ਼ੇਜ਼

- -ਨੀਤੀ ਫ਼ੇਜ਼
- -ਲਾਗੂ ਫ਼ੇਜ਼
- -ਨਿਗਰਾਨੀ ਅਤੇ ਅਨੁਮਾਨ ਫ਼ੇਜ਼

ਪਹਿਲਾ ਕਦਮ:- ਕਮੇਟੀਆਂ ਅਤੇ ਦਲ ਬਣਾਉਣੇ

-ਟੀਮਾਂ ਬਣਾਈਆਂ ਜਾਣ ਜਿਹੜੀਆਂ ਕਿ 'ਸਕੂਲ ਵਿਕਾਸ ਨੀਤੀ' ਦੀ ਰਣਨੀਤੀ ਅਤੇ ਲਾਗੂ ਕਰਨ ਦੀ ਯੋਜਨਾ ਬਣਾ ਸਕਣ। ਇਸ ਨਾਲ ਸਕੂਲ ਕਾਰਕੁਨਾਂ ਦੀ ਵਧੇਰੇ ਜ਼ਿੰਮੇਵਾਰੀ ਸਕੂਲ ਨੂੰ ਵਿਕਸਿਤ ਰਾਹ 'ਤੇ ਲਿਜਾਉਣ ਲਈ ਉੱਭਰਦੀ ਹੈ। ਘੱਟੋ-ਘੱਟ ਅਜਿਹੀਆਂ ਟੀਮਾਂ ਸਕੂਲ ਪੱਧਰ 'ਤੇ ਕੰਮ ਕਰਨ ਲਈ ਬਣਾਈਆਂ ਜਾਣ। ਇਹ ਦਲ ਇੱਕ ਸਾਰਨੀ ਵਿੱਚ ਦਰਸ਼ਾਈਆਂ ਗਈਆਂ ਹਨ:-

- ਨੀਤੀ ਦਲ
- -ਕਦਮ ਚੁੱਕਣ/ਹਰਕਤ ਦਲ
- -ਅਗਵਾਈ ਦਲ
- -ਮੁਆਇਨਾ ਦਲ



-ਦੂਜਾ ਕਦਮ:- ਬੁਨਿਆਦੀ ਜਾਣਕਾਰੀ

ਨੀਤੀ ਪ੍ਰਕਿਰਿਆ ਵਿੱਚ ਬੁਨਿਆਦੀ ਜਾਣਕਾਰੀ ਹਾਸਿਲ ਕਰਨ ਦੀ ਲੋੜ ਹੈ, ਜਿਸ ਵਿੱਚ ਸਕੂਲ ਦੇ ਦਾਖ਼ਲਾ ਅੰਕੜੇ, ਭਵਿੱਖ 'ਚ ਦਾਖ਼ਲੇ ਦੀਆਂ ਜ਼ਰੂਰਤਾਂ, ਅਧਿਆਪਕ ਅਤੇ ਉਨ੍ਹਾਂ ਦੀ ਜ਼ਰੂਰਤ, ਜਨਅੰਕੜੇ, ਸਕੂਲੀ ਸਹੂਲਤਾਂ, ਸਮਾਜਿਕ ਕਾਰਕੁਨ, ਆਦਿ ਨੂੰ ਸ਼ਾਮਿਲ ਕਰਨਾ ਹੈ। ਸਕੂਲ ਅਧਿਆਪਕਾਂ ਨੂੰ ਆਤਮ ਨਿਰੀਖਣ ਦੀ ਵੀ ਲੋੜ ਹੈ, ਜਿਸ ਰਾਹੀਂ ਉਹ ਸਕੂਲ ਵਿੱਚ ਉਪਲਬੱਧ ਸਹੂਲਤਾਂ ਅਤੇ ਲੋੜਵੰਦ ਸਹੂਲਤਾਂ ਦੀ ਜਾਣਕਾਰੀ 'ਸਕੂਲੀ ਵਿਕਾਸ ਨੀਤੀ, ਰਾਹੀਂ ਜਾਣ ਸਕਦੇ ਹਨ।

-ਤੀਜਾ ਕਦਮ:- ਦ੍ਰਿਸ਼ਟੀਕੋਣ ਉਸਾਰਨਾ

ਇਸ ਵਿਚ ਬਤੌਰ ਸਕੂਲ ਆਗੂ ਤੁਹਾਨੂੰ ਆਪਣੇ ਪ੍ਰਤੀ ਅਤੇ ਸਕੂਲ ਸੰਗਠਨ ਪ੍ਰਤੀ ਸਕਰਾਤਮਕ ਦ੍ਰਿਸ਼ਟੀਕੋਣ ਉਸਾਰਨ ਦੀ ਖ਼ਾਸ ਜ਼ਰੂਰਤ ਹੈ। ਜਿਸ ਨਾਲ ਇੱਕ ਸਹੀ 'ਸਕੂਲ ਵਿਕਾਸ ਨੀਤੀ' ਸਿਰਜੀ ਜਾ ਸਕਦੀ ਹੈ। ਇਸ ਵਿੱਚ ਤੁਸੀਂ ਆਪਣੇ ਸਹਿ-ਕਰਮਚਾਰੀਆਂ ਨੂੰ ਨਾਲ ਲੈ ਕੇ ਚੱਲੋਗੇ।

- ਦ੍ਰਿਸ਼ਟੀਕੋਣ ਉਸਾਰਨ ਦੀ ਪ੍ਰਕਿਰਿਆ:-
- ਅਜਿਹੀ ਦ੍ਰਿਸ਼ਟੀ ਜਿਹੜੀ ਹਕੀਕਤ ਵਿੱਚ ਬਦਲ ਸਕੇ।
- ਹਰਇੱਕ ਚੀਜ਼ ਨੂੰ ਛੋਟਾ ਕਰਕੇ ਅਤੇ ਵਰਤਮਾਨ ਕਾਲ ਵਿੱਚ ਲਿੱਖ ਕੇ ਬਿਆਨ ਕਰੋ।
- ਇਸ ਨਾਲ ਸਹੀ ਦਿਮਾਗ ਉਤਪੰਨ ਹੁੰਦਾ ਹੈ ਅਤੇ ਭਵਿੱਖ ਲਈ ਹੌਂਸਲਾ ਬਣਦਾ ਹੈ।

ਚੌਥਾ ਕਦਮ:- ਪ੍ਰਾਖਮਿਕਤਾ ਦਾ ਸੰਸਥਾਪਨ ਕਰੋ

ਸਕੂਲ ਦੀਆਂ ਪ੍ਰਮੁੱਖ ਪ੍ਰਾਖਮਿਕਤਾ ਨੂੰ ਪੂਰੀਆਂ, ਕਰਨ ਦਾ ਇੱਕ ਦ੍ਰਿਸ਼ਟੀਕੋਣ ਸਿਰਜੋ ਤਾਂ ਕਿ ਇੱਕ ਨਿਰਧਾਰਿਤ ਸਮੇਂ ਵਿੱਚ ਸਕੂਲ ਦਾ ਵਿਕਾਸ ਸੰਭਵ ਹੋ ਸਕੇ। ਕੁੱਝ ਮਹੀਨਾਵਾਰ ਕਿਰਿਆਵਾਂ ਚੁਣੋ ਅਤੇ ਇੰਨ੍ਹਾਂ ਕਿਰਿਆਵਾਂ ਨੂੰ ਦਿੱਤੇ ਸਮੇਂ ਵਿੱਚ ਪੂਰਾ ਕਰਨ ਲਈ ਕਿਸੇ ਵਿਸ਼ੇਸ਼ ਵਿਅਕਤੀ ਦੀ ਜ਼ਿੰਮੇਵਾਰੀ ਲਗਾਓ।

- ਲੱਭੋ, ਜਾਣੋ ਅਤੇ ਉੱਨਤ ਕਰੋ ਵਿਦਿਆਰਥੀ ਦੇ ਸਿੱਖਣ ਅਧਿਐਨ ਨੂੰ।
- ਅਧਿਆਪਕ ਦੀ ਵਿਸ਼ੇ ਪ੍ਰਤੀ ਮੁਹਾਰਤ ਅਤੇ ਹੁਨਰ ਨੂੰ ਵਿਕਸਿਤ ਕਰੋ ਤਾਂ ਕਿ ਉਹ ਇੱਕ ਚੰਗੇ ਗਿਆਨ ਦਾ ਅਭਿਆਸ ਵਿਦਿਆਰਥੀਆਂ ਨੂੰ ਕਰਵਾ ਸਕੇ।
- ਸਿੱਖਣ- ਸਿਖਾਉਣ ਪ੍ਰਕਿਰਿਆ ਨੂੰ ਮਨੋਰੰਜਕ ਬਣਾਓ।

ਪੰਜਵਾਂ ਕਦਮ:- ਨਿਸ਼ਾਨੇ/ਟੀਚੇ

ਟੀਚਿਆਂ ਦੀ ਉਪਲਬੱਧੀ ਦ੍ਰਿਸ਼ਟੀ ਉਸਾਰਨ ਤੋਂ ਬਾਅਦ ਸ਼ੁਰੂ ਹੁੰਦੀ ਹੈ। ਜੇਕਰ ਤੁਸੀਂ ਤਿੰਨ ਸਾਲ ਕੁੱਝ ਵਿਕਾਸ ਕਰਨ ਦਾ ਸੁਪਨਾ ਦੇਖਿਆ ਹੈ ਤਾਂ ਇੱਕ ਸਾਲ ਲਈ ਤਿੰਨ ਟੀਚੇ ਮਿੱਥੋ। ਇਸਦਾ ਅਰਥ ਹੈ ਕਿ ਤੁਸੀਂ ਹਰੇਕ ਸਾਲ ਇੱਕ ਟੀਚੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੋ। ਨਿਸ਼ਾਨੇ ਥੋੜ੍ਹੇ ਸਮੇਂ ਲਈ ਨਿਰਧਾਰਿਤ ਕਰਨ ਨਾਲ ਸਹੀ ਯੋਜਨਾ ਹੁੰਦੀ ਹੈ।

ਛੇਵਾਂ ਕਦਮ:- ਮੁਆਇਨਾ ਅਤੇ ਮੁਲਾਂਕਣ


ਜਦੋਂ 'ਸਕੂਲ ਵਿਕਾਸ ਨੀਤੀ' ਤਿਆਰ ਹੋ ਜਾਂਦੀ ਹੈ, ਉਸ ਉਪਰੰਤ ਮੁਆਇਨਾ ਕਰਨ ਵਾਲੇ ਦਲ ਸਾਰੇ ਕੰਮ ਕਾਜ ਦਾ ਸਮੇਂ ਸਿਰ ਮੁਲਾਂਕਣ ਕਰਦੇ ਹਨ। ਤੁਸੀਂ ਛਿਮਾਹੀ ਅਤੇ ਸਾਲਾਨਾ 'ਸਕੂਲ ਵਿਕਾਸ ਨੀਤੀ' ਰਾਹੀਂ ਇੱਕ ਸਕੂਲ ਦਾ ਮੁਆਇਨਾ ਅਤੇ ਮੁਲਾਂਕਣ ਕਰ ਸਕਦੇ ਹੋ।

ਵਿਚਾਰਤਾਮਿਕ ਪ੍ਰਸ਼ਨ:-

1. ਤੁਸੀਂ 'ਸਕੂਲ ਵਿਕਾਸ ਨੀਤੀ' ਨੂੰ ਲਾਗੂ ਕਰਨ ਲਈ ਆਪਣੀ ਭੂਮਿਕਾ ਨੂੰ ਕਿਵੇਂ ਨਿਭਾਉਂਦੇ ਹੋ?
2. ਤੁਹਾਡਾ ਸਕੂਲ ਕਮਜ਼ੋਰੀਆਂ ਅਤੇ ਉਪਲਬੱਧੀਆਂ ਕਾਰਣ ਅੱਜ ਕਿੱਥੇ ਖੜ੍ਹਾ ਹੈ? ਤੁਸੀਂ ਕਿਹੜੇ ਦੋ ਪ੍ਰਾਥਮਿਕ ਖੇਤਰਾਂ, ਵਿੱਚ ਸਕੂਲ ਲਈ ਕੰਮ ਕਰੋਗੇ ਅਤੇ ਕਿਉਂ?
3. 'ਸਕੂਲ ਵਿਕਾਸ ਨੀਤੀ' ਬਣਾਉਣ ਦੇ ਕਿੰਨੇ ਪੜਾਅ ਜਾਂ ਫ਼ੇਜ਼ ਹਨ?

# ੪. ਸਕੂਲ ਸਿੱਖਿਆ ਵਿੱਚ ਆਈ. ਸੀ. ਟੀ.

ਹਰ ਸਕੂਲ ਦੇ ਅਧਿਆਪਕ, ਮੁੱਖ ਅਧਿਆਪਕ/ਪ੍ਰਿੰਸੀਪਲਾਂ ਦੀ ਤਾਕਤ ਅਤੇ ਕਾਬਲੀਅਤ ਵੱਖਰੀ ਹੁੰਦੀ ਹੈ। ਉਹ ਇੰਨ੍ਹਾਂ ਕਾਬਲੀਅਤਾਂ ਦਾ ਉਪਯੋਗ ਯੋਜਨਾਵਾਂ ਬਣਾਉਣਾ, ਲਾਗੂ ਕਰਨ, ਸੰਬੋਧਿਤ ਕਰਨ, ਜਮਾਤ-ਪ੍ਰਬੰਧਨ ਤੇ ਰੋਜ਼ਾਨਾ ਦੀਆਂ ਮੁਸ਼ਕਿਲਾਂ ਹੱਲ ਕਰਨ ਵਿੱਚ ਕਰਨ। ਵਿਦਿਅਕ ਪ੍ਰਬੰਧ ਜਮਾਤ ਦੇ ਆਕਾਰ ਅਨੁਸਾਰ, ਅਧਿਆਪਕ ਦੁਆਰਾ ਸਿਖਾਇਆ ਗਿਆ ਅਨੁਪਾਤ, ਖੇਤਰ, ਭਾਸ਼ਾ ਅਤੇ ਭੂਗੋਲਿਕ ਵਿਭਿੰਨਤਾ ਆਦਿ ਨੂੰ ਮੱਦੇਨਜ਼ਰ ਰੱਖਦੇ ਹੋਏ ਹੋਣਾ ਚਾਹੀਦਾ ਹੈ। ਅਕਾਦਿਮਕ ਅਗਵਾਈ ਰੋਜ਼ਾਨਾ ਦੀਆਂ ਸਮੱਸਿਆ ਨੂੰ ਹੱਲ ਕਰਨ ਲਈ ਬਹੁਤ ਲੋੜੀਂਦੀ ਹੈ। ਉਪਰੋਕਤ ਦੇ ਮੱਦੇ ਨਜ਼ਰ ਜਾਣਕਾਰੀ ਅਤੇ ਸੰਚਾਰ ਟੈਕਨੋਲੋਜੀ (ਆਈ.ਸੀ.ਟੀ.) ਅਧਿਆਪਨ ਸਿਖਲਾਈ ਦੇ ਵਾਤਾਵਰਣ ਨੂੰ ਵਧਾਉਣ ਲਈ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।




ਯੂਨੇਸਕੋ ਦੇ ਅਨੁਸਾਰ, ਆਈ.ਸੀ.ਟੀ. ਤਕਨੀਕੀ ਸੰਦਾ ਅਤੇ ਸਾਧਨਾਂ ਨੂੰ ਡਿਜੀਟਲ ਬਣਾਉਣ, ਸਟੋਰ ਕਰਨ, ਮੁੜ ਪ੍ਰਾਪਤ ਕਰਨ, ਹੇਰਾਫੇਰੀ ਕਰਨ, ਭੇਜਣ ਅਤੇ ਪ੍ਰਾਪਤ ਕਰਨ ਲਈ ਜਾਣਕਾਰੀ ਪ੍ਰਦਾਨ ਕਰਦਾ ਹੈ। ਆਈ.ਸੀ.ਟੀ. ਇੱਕ ਵਿਅਕਤੀ ਨੂੰ ਦੂਜੇ ਨਾਲ, ਦੁਨੀਆਂ ਨਾਲ, ਸਿੱਖਿਆ ਨੂੰ ਵਿਸ਼ਵ ਦੇ ਇੱਕ ਕੋਣੇ ਤੋਂ ਦੂਜੇ ਕੋਣੇ ਤੱਕ ਪਹੁੰਚਾਉਣ ਦੀ ਹਰ ਸੰਭਾਵਨਾ, ਸਮਾਜ ਵਿੱਚ ਮੌਜੂਦਾ ਪਾੜੇ ਨੂੰ ਦੂਰ ਕਰਨ, ਆਦਿ ਦੀ ਸਮੱਰਥਾ ਰੱਖਦਾ ਹੈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਆਈ.ਸੀ.ਟੀ. ਕੀ ਹੈ ਅਤੇ ਇਸ ਦੀ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ। ਪਿਛਲੇ ਕੁੱਝ ਸਮੇਂ ਦੌਰਾਨ ਸਕੂਲ ਸਿੱਖਿਆ ਖ਼ੇਤਰ ਵਿੱਚ ਐਮ.ਐਚ.ਆਰ.ਡੀ (ਭਾਰਤ ਸਰਕਾਰ) ਦੁਆਰਾ ਆਈ.ਸੀ.ਟੀ. ਦੀ ਵਰਤੋਂ ਦਾ ਵਿਚਾਰ-ਵਟਾਂਦਰਾ ਹੇਠਾਂ ਕੀਤਾ ਗਿਆ ਹੈ।

ਮਡੀਊਲ 1

- ਓਪਨ ਐਜੂਕੇਸ਼ਨਲ ਦੇ ਨੈਸ਼ਨਲ ਰਿਪਜ਼ਟਰੀ ਵਰਗੇ ਉਪਰਾਲੇ ਸਰੋਤ (NROER) e-ਪਾਠਸ਼ਾਲਾ(e-Pathshala) (ਵੈਬ ਪੋਰਟਲ ਅਤੇ ਮੋਬਾਇਲ ਐਪਸ) ਅਤੇ ਡੀ.ਆਈ.ਕੇ.ਐਸ.ਐਚ.ਏ. (DIKSHA) ਓਪਨ ਐਜੂਕੇਸ਼ਨਲ ਤੱਕ ਪਹੁੰਚ ਪ੍ਰਦਾਨ ਕਰਦੇ ਹਨ। ਇਹ ਪਹੁੰਚ ਚਿੱਤਰਾਂ, ਆਡੀਓਜ਼, ਵਿਡੀਓਜ਼, ਇੰਟਰਐਕਟਿਵਜ਼ ਦੇ ਰੂਪ ਵਿੱਚ ਸਰੋਤ (O.E.R's) ਗ੍ਰਾਫਿਕਸ, ਐਨੀਮੇਸ਼ਨ ਡਿਜੀਟਲ ਕਿਤਾਬਾਂ ਡਿਜੀਟਲ ਨਕਸ਼ੇ, ਟਾਈਮਲਾਈਨਜ਼, ਆਦਿ ਦੇ ਰੂਪ ਵਿੱਚ ਹੁੰਦੀ ਹੈ। ਉਮਰ ਭਰ ਦੀ ਸਿਖਲਾਈ ਤੇ ਨਿਰੰਤਰ ਪੇਸ਼ੇਵਰ ਨੂੰ ਉਤਸ਼ਾਹਿਤ ਅਤੇ ਵਿਕਸਿਤ ਕਰਦਾ ਹੈ। ਇਹ ਆਨਲਾਈਨ ਪਾਠਕ੍ਰਮ ਦੇ ਨਾਲ-ਨਾਲ ਅਭੇਦ ਕੋਰਸਾਂ ਦੀ ਲੜੀ ਪ੍ਰਦਾਨ ਕਰਦਾ ਹੈ। ਇਹ ਮੋਡ ਸਵੈਯਮ ਪ੍ਰਭਾ (SWAYAM PRABHA) ਦੇ ਅਧੀਨ ਇੱਕ 24*7 ਡੀ.ਈ.ਐਚ. ਚੈਨਲ ਰਾਹੀਂ ਲੋਕਾਂ ਤੱਕ ਪਹੁੰਚਦਾ ਹੈ।
- ਸ਼ਾਲਾ ਗੁਣਵੱਤ (ਸ਼ਗਨ) SHALA GUNVATTA (SHAGUN)ਸਿੱਖਿਅਕਾਂ ਨੂੰ ਵਿਚਾਰ ਸਾਂਝਾ ਕਰਨ ਲਈ ਜਗ੍ਹਾ ਪ੍ਰਦਾਨ ਕਰਦਾ ਹੈ।
- ਇਹ ਤਕਨੀਕ ਸਾਈਬਰ ਸੰਸਾਰ ਵਿੱਚ ਸੁਰੱਖਿਆ ਦੇ ਧਾਗੇ ਕਾਇਮ ਕਰਨ ਵਿੱਚ ਸਹਾਈ ਹੈ। ਸਕੂਲ ਪ੍ਰਬੰਧਕਾਂ ਅਤੇ ਆਗੂਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵਿਦਿਆਰਥੀਆਂ ਪ੍ਰਤੀ ਸਾਈਬਰ ਕਨੂੰਨ ਦੀ ਜਾਣਕਾਰੀ ਉਪਲਬੱਧ ਕਰਵਾਉਣ।
- ਲੱਗਭਗ 41 ਲੱਖ ਅਧਿਆਪਕਾਂ ਨੂੰ ਆਈ. ਸੀ.ਟੀ. ਦੇ ਖੇਤਰ ਵਿੱਚ ਪੜਾਅਵਾਰ ਸਿਖਲਾਈ ਦੇਣ ਦੀ ਤਾਜ਼ਾ ਪਹਿਲ ਜੋ ਕਿ ਪਹੁੰਚਯੋਗ ਹੈ।(https:itpd.ncert.gov.in/) ਦੇ ਸਹਿਯੋਗ ਲਰਨਿੰਗ ਮੈਨੇਜਮੈਂਟ ਸਿਸਟਮ (ਐੱਲ.ਐੱਮ.ਐੱਸ) ਰਾਹੀਂ ਦਿੱਤੀ ਜਾ ਚੁੱਕੀ ਹੈ। ਇਸ ਮੰਤਵ ਰਾਹੀਂ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਮਿੱਲ-ਜੁੱਲ ਕੇ ਵਧੀਆ ਅਭਿਆਸ ਕਰ ਸਕਦੇ ਹਨ।

## ੭ . ਆਡਿਓ- ਵੀਡਿਓ ਸਰੋਤਾਂ ਦੀ ਸੂਚੀ, ਮਾਮਲੇ ਦੇ ਅਧਿਐਨ

| Section | Name of the Video | | Weblink |
|---|---|---|---|
| 4.1: Self and Motivation | Lead India Video | Web open resource | https://www.youtube.com/watch?v=JR8i9p3pcPg&feature=youtu.be |
| 4.2: Leaders in Action | Change Leadership and School Improvement: Role of School Head | Prof. Rashmi Diwan | https://www.youtube.com/watch?v=hSfg6ON8iqQ&list=PLUgLcpnv1YidWTfKv5Z4E9zaskiV2ZCJf&index=4&t=0s |
| 4.3: Multiple Roles and Responsibilities | Developing School as a Learning Organization | Dr. Kashyapi Awasthi | https://www.youtube.com/watch?v=1NJEI6VXEQg&list=PLUgLcpnv1YidWTfKv5Z4E9zaskiV2ZCJf&index=11&t=0s |
| | Professional Development Plan | Dr. Charu Smita Malik | https://www.youtube.com/watch?v=QEhOFl6d_qU&list=PLUgLcpnv1YidWTfKv5Z4E9zaskiV2ZCJf&index=9&t=0s |
| | School and Purpose of Education | Dr. Subitha GV | https://www.youtube.com/watch?v=Q9zbADOKd0E&list=PLUgLcpnv1YidWTfKv5Z4E9zaskiV2ZCJf&index=13&t=0s |
| | Knowing more about Innovations | Dr. N.Mythili | https://www.youtube.com/watch?v=VdNE3z13Ws&list=PLUgLcpnv1YidWTfKv5Z4E9zaskiV2ZCJf&index=8&t=0s |
| 5.1: Developing a Perspective on Active Learning Principles | Young Historians | Web open resource | https://youtu.be/p9VAM8yv2Ng |
| 5.2:Understanding of Pedagogical-Content Knowledge as a School Head | Pedagogical-Content Knowledge | Dr. K.V. Sridevi | https://www.youtube.com/watch?v=eE9U-WEhjMQ |
| 5.3:Academic Supervision in School | Observation, Feedback and Supervision | Dr. Subitha GV | https://www.youtube.com/watch?v=GoC-5llGCTw&list=PLUgLcpnv1YidWTfKv5Z4E9zaskiV2ZCJf&index=10&t=0s |
| 6.1: Teachers as Reflective Practitioners | Teachers as Reflective Practitioners | Dr. Subitha GV | https://www.youtube.com/watch?v=9fihPN41RaE |

ਮਡੀਊਲ 1

# ਮਾਮਲੇ 'ਦਾ ਅਧਿਐਨ

ਸਕੂਲ ਮੁਖੀ ਦਾ ਨਾਮ- ਚੈਵਾਂਗੁਰੀਗੋਲ

ਸਰਕਾਰੀ ਪ੍ਰਾਇਮਰੀ ਸਕੂਲ, ਖਰ, ਲਾਹੌਲਸਪਿਤੀ

ਹਿਮਾਚਲ ਪ੍ਰਦੇਸ਼



ਖਰ ਦੇ ਦੂਰ ਦੁਰਾਡੇ ਪਿੰਡ (ਲਾਹੌਲਸਪਿਤੀ, ਹਿਮਾਚਲ ਵਿੱਚ ਸਥਿੱਤ ਹੈ। ਸਰਕਾਰੀ ਪ੍ਰਾਇਮਰੀ ਸਕੂਲ ਨੇ ਵਧੀਆ ਪ੍ਰਦਰਸ਼ਨ ਕੀਤਾ ਹੈ, ਸਕੂਲ ਇੱਕ ਪਛੜੇ ਖੇਤਰ ਵਿੱਚ ਸਥਿਤ ਹੈ, ਜੋ ਕਿ ਮੁੱਖ ਭੂਮੀ ਖੇਤਰ ਤੋਂ ਬਹੁਤ ਦੂਰ ਹੈ। ਅਜਿਹੇ ਵੱਖਰੀਆਂ ਭੂਗੋਲਿਕ ਸਥਿਤੀਆਂ ਵਾਲਾ ਸਕੂਲ, ਜੋ ਕਿ ਕਿਸੇ ਵੀ ਸ਼ਹਿਰੀ ਸਕੂਲ ਨਾਲੋਂ ਘੱਟ ਨਹੀਂ ਹੈ, ਦੀ ਚੰਗੀ ਸਥਾਪਨਾ ਕਰਨ ਦੇ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਸਕੂਲ ਮੁੱਖੀ ਮਿਸਟਰ ਚੇਵਾਂਗ ਦਾ ਸ਼ਲਾਘਾਯੋਗ ਉਪਰਾਲਾ ਹੈ।



ਇਹ ਇੱਕ ਬਹੁਤ ਛੋਟਾ ਸਕੂਲ ਹੈ ਜਿਸ ਵਿੱਚ ਹਰ ਆਧੁਨਿਕ ਤਕਨੀਕ ਮੁਹੱਈਆ ਹੈ। ਇਸ ਵਿੱਚ ਦੋ ਆਧਿਆਪਕ ਕੰਮ ਕਰਦੇ ਹਨ। ਸਕੂਲ ਵਿੱਚ ਕਾਰਜਸ਼ੀਲ ਪੁਸ਼ਤਕਾਲਾ ਹੈ,ਇੱਕ ਟੀਚਿੰਗ ਲਰਨਿੰਗ ਮਟੀਰੀਅਲ (ਟੀ.ਐਲ.ਐਮ.) ਕੋਨਾ, ਗਤੀਵਿਧੀ ਕਮਰਾ, ਰਸੋਈ, ਪਖ਼ਾਨੇ, ਖ਼ੇਡ ਮੈਦਾਨ, ਹਵਾਦਾਰ ਜਮਾਤਾਂ, ਆਦਿ ਹਨ।

ਮਡੀਊਲ
1



ਸਕੂਲ ਵਿੱਚ ਇੱਕ ਖ਼ੇਡ ਮੈਦਾਨ ਹੈ ਜਿਹੜਾ ਕਿ ਸਕੂਲ ਮੁੱਖੀ ਸ੍ਰੀ ਚੈਵਾਂਗ ਦੀ ਦੂਰ ਅੰਦੇਸ਼ੀ ਦੇ ਮੱਦੇਨਜ਼ਰ 'ਗ੍ਰੀਨ ਹਾਊਸ' ਵੱਜੋਂ ਵੀ ਵਰਤਿਆ ਜਾਂਦਾ ਹੈ। ਜੋਕਿ ਵਿਦਿਆਰਥੀਆਂ ਨੂੰ ਸਿਹਤਮੰਦ ਅਤੇ ਜੈਵਿਕ ਭੋਜਨ ਉਪਲਬੱਧ ਕਰਵਾਏਗਾ। ਸਕੂਲ ਵਿੱਚ ਪੂਰੀ ਤਰ੍ਹਾਂ ਕਾਰਜਸ਼ੀਲ ਰਸੋਈ ਹੈ, ਜੋ ਵਿਦਿਆਰਥੀਆਂ ਨੂੰ ਪੌਸ਼ਿਟਕ ਭੋਜਨ ਦੀ ਸੇਵਾ ਕਰਦੀ ਹੈ। ਇੱਥੇ ਇਹ ਨੋਟ ਕਰਨਾ ਦਿਲਚਸਪ ਹੈ ਕਿ ਸਕੂਲ ਸਿਰਫ਼ ਬੌਧਿਕ ਵਿਕਾਸ ਲਈ ਨਹੀਂ ਸਗੋਂ ਸਹੀ ਪੋਸ਼ਣ ਮੁਹੱਈਆ ਕਰਵਾਉਣ ਵਿੱਚ ਵੀ ਵਚਨਬੱਧ ਹੈ।





ਔਂਕੜਾਂ ਦੇ ਬਾਵਜੂਦ ਸਕੂਲ ਆਪਣੇ ਵਿਦਿਆਰਥੀਆਂ ਨੂੰ ਜਵਾਹਰ ਨਵੋਦਿਆ ਵਿਦਿਆਲਿਆ (ਐਨ.ਵੀ.ਐਸ.) ਵਿੱਚ ਦਾਖ਼ਿਲਾ ਦਵਾਉਣ ਲਈ ਕਾਮਯਾਬ ਸਾਬਿਤ ਹੋਇਆ। ਸ਼੍ਰੀ ਚੈਵਾਂਗ ਦੇ ਸਕੂਲ ਦੇ ਵਿਦਿਆਰਥੀ ਗਣਿਤ ਵਿੱਚ ਚੰਗੇ ਹਨ, ਸਕੂਲ ਮੁੱਖੀ ਨੇ ਨਿੱਜੀ ਤੌਰ 'ਤੇ ਐਨ.ਵੀ.ਐਸ. ਦੇ ਦਾਖਲੇ ਲਈ ਵਿਦਿਆਰਥੀਆਂ ਨੂੰ ਕੋਚਿੰਗ ਦਿੱਤੀ ਹੈ।

| S.No | Year | Number of students qualified for JawaharNavodayaVidyalaya |
|---|---|---|
| 1. | 2009-2010 | 04 |
| 2. | 2010-2011 | 02 |
| 3. | 2011-2012 | 01 |
| 5. | 2013-2014 | 02 |
| 6. | 2014-2015 | 01 |
| 7. | 2015-2016 | 01 |
| 8. | 2016-2017 | 01 |
| 9. | 2017-2018 | 02 |

ਸ਼੍ਰੀ ਚੈਵਾਂਗ ਵਰਗੇ ਸਕੂਲ ਮੁੱਖੀ ਸਮਾਜ ਲਈ ਇੱਕ ਚੰਗੀ ਮਿਸਾਲ ਵੱਜੋਂ ਸੇਵਾ ਕਰਦੇ ਹਨ। ਜਿੰਨ੍ਹਾਂ ਨੇ ਆਪਣੀਆਂ ਨਰਿੰਤਰ ਕੋਸ਼ਿਸ਼ਾਂ ਸਦਕਾ ਮੁੱਢ ਤੋਂ ਹੀ ਸਕੂਲ ਦੀ ਤਰੱਕੀ ਲਈ ਦਿਨ-ਦੁੱਗਣੀ ਰਾਤ ਚੌਗਣੀ ਮਿਹਨਤ ਕੀਤੀ। ਸ਼੍ਰੀ ਚੈਵਾਂਨਗ ਉਰੀਗੋਲ ਨੇ 22-24 ਜਨਵਰੀ, 2019 ਨੂੰ ਨੈਸ਼ਨਲ ਸੈਂਟਰ ਦੁਆਰਾ ਆਯੋਜਿਤ ਸਕੂਲ ਲੀਡਰਸ਼ਿਪ (ਐਨ.ਆਈ.ਈ.ਪੀ.ਏ.) ਸਕੂਲ ਸੁਧਾਰ ਦੀ ਲੀਡਰਸ਼ਿਪ ਮਾਰਗਾਂ 'ਤੇ ਨੈਸ਼ਨਲ ਕਾਨਫ਼ਰੰਸ ਵਿੱਚ ਸ਼ਿਰਕਤ ਕੀਤਾ।



ਮਡੀਊਲ 1

# ਮਾਮਲੇ ਦੇ ਅਧਿਐਨ

ਸਕੂਲ ਮੁੱਖੀ ਦਾ ਨਾਮ- ਰਾਗਿਨੀਰਾਮਚੰਦਰੁਸਰਵ
ਜ਼ਿਲਾ ਪਰਿਸ਼ਦ ਆਦਰਸ਼ ਸਕੂਲ ਵਾਲਿਚੀਪੁਲਨ ਰਤਨਾਗਿਰੀ, ਮਹਾਂਰਾਸ਼ਟਰਾ

ਇਹ ਸਕੂਲ ਮੁਢੱਲੀ ਸਿਖਿਆ ਪ੍ਰਦਾਨ ਕਰਨ ਵਿੱਚ ਭਾਰਤ ਦਾ ਇੱਕ ਮਿਸਾਲੀ ਸਕੂਲ ਹੈ। ਸਕੂਲ ਮੁੱਖੀ ਦਾ ਮੁੱਢ ਤੋਂ ਹੀ ਗਤੀਸ਼ੀਲ ਪ੍ਰਭਾਵ ਰਿਹਾ ਹੈ। ਸਕੂਲ ਰਿਵਾਇਤੀ ਰਟਾਉਣ ਸਿੱਖਣ ਦੀ ਪ੍ਰਕਿਰਿਆ ਦੀ ਪਾਲਣਾ ਕਰਨ ਦੀ ਬਜਾਏ, ਨਵੀਨਤਾਕਾਰੀ ਸਿਖਲਾਈ ਅਤੇ ਪ੍ਰਕਿਰਿਆਵਾਂ ਅਪਰ ਪ੍ਰਾਇਮਰੀ ਜਮਾਤਾਂ ਵਿੱਚ ਲਾਗੂ ਕਰਨ ਦੇ ਸਮੱਰਥ ਹੈ। ਪਰ ਇਹ ਸਭ ਤਬਦੀਲੀ ਇੱਕਲਾ ਸਕੂਲ ਮੁੱਖੀ ਨਹੀਂ ਸਗੋਂ ਉਸਦੇ ਸਹਿਕਰਮੀਆਂ ਦੇ ਸਾਥ ਨਾਲ ਸਭੰਵ ਹੋ ਸਕਿਆ ਹੈ। ਇਹਨਾਂ ਸਕੂਲ ਅਧਿਆਪਕਾ ਨੇ ਮਹਾਂਰਾਸ਼ਟਰ ਦੇ ਬਲਾਕ ਕੁੰਠੇ ਦਾ ਸਕੂਲਾਂ ਦੇ ਦੌਰਾ ਕੀਤਾ, ਇਸ ਦੌਰੇ ਦਾ ਨਤੀਜਾ ਇਹ ਸੀ ਕਿ ਗਤੀਵਿਧੀ ਆਧਾਰਿਤ ਸਿੱਖਣ-ਸਿਖਾਉਣ ਪ੍ਰਕਿਰਿਆ ਨੂੰ ਅਪਨਾਉਣਾ ਅਤੇ ਵਿਦਿਆਰਥੀਆਂ ਦੇ ਅਧਿਐਨ ਵਿੱਚ ਤੇਜ਼ੀ ਅਤੇ ਦਿਲਚਸਪੀ ਪੈਦਾ ਕਰਨੀ। ਸਕੂਲ ਮੁੱਖੀ ਨੇ ਇਸ ਗਤੀਵਿਧੀ ਆਧਾਰਿਤ ਸਿੱਖਿਆ ਨੂੰ ਆਸਾਨੀ ਨਾਲ ਵਿਦਿਆਰਥੀਆਂ ਤੱਕ ਪਹੁੰਚਾਉਣ ਲਈ ਹੋਰ ਸਮਾਜਿਕ ਹਿੱਸੇਦਾਰਾਂ ਨਾਲ ਵੀ ਸਾਂਝਾ ਕੀਤਾ, ਤਾਂਕਿ ਵਿਦਿਆਰਥੀਆਂ ਦਾ ਬੌਧਿਕ ਵਿਕਾਸ ਵੀ ਹੋ ਸਕੇ। ਵਿਦਿਆਰਥੀਆਂ ਨੇ ਗਤੀਵਿਧੀ ਸਿੱਖਣ ਪ੍ਰਕਿਰਿਆ ਰਾਹੀਂ ਸਕੂਲ ਦੇ ਫ਼ਰਸ਼ਾਂ ਨੂੰ ਰੰਗੀਨ ਤਰੀਕੇ ਨਾਲ ਡਿਜ਼ਾਇਨ ਕੀਤਾ।



ਸਕੂਲ ਵਿੱਚ ਗਤੀਵਿਧੀ ਆਧਾਰਿਤ ਸਿੱਖਿਆ ਦੇਣ ਦੀ ਵਰਤੋਂ ਦੀ ਝਲਕ ਹੇਠਾਂ ਦਿੱਤੀਆਂ ਪ੍ਰਕਿਰਿਆਵਾਂ ਵਿੱਚੋਂ ਮਿਲਦੀ ਹੈ-

- -ਨਾਟਕ ਅਤੇ ਕਹਾਣੀ ਦੇ ਮਾਧਿਅਮ ਦੁਆਰਾ ਵਿਦਿਆਰਥੀਆਂ ਨੂੰ ਨਵੇਂ ਸੰਕਲਪ ਸਿਖਾਉਣੇ। ਸਿਲੇਬਸ ਦੇ ਪਾਠਕ੍ਰਮ ਵਿੱਚੋਂ ਕੋਈ ਨਾਟਕ ਜਾਂ ਕਹਾਣੀ ਤੇ ਭੂਮਿਕਾ ਨਿਭਾਉਣਾ ਆਦਿ। ਇਸ ਨਾਲ ਅੰਗਰੇਜ਼ੀ ਭਾਸ਼ਾ ਸੌਖੇ ਤਰੀਕੇ ਨਾਲ ਸਿਖੀ ਜਾਂਦੀ ਹੈ।
- -ਵਿਦਿਆਰਥੀਆਂ ਨੂੰ ਆਪਣੇ ਆਪ ਨੂੰ ਜਾਹਿਰ ਕਰਨਾ ਅਤੇ ਰਚਨਾਤਮਕ ਸੋਚ ਨੂੰ ਵਿਕਸਤ ਕਰਨ ਲਈ ਤਿੰਨ ਸ਼ਬਦ ਦਿੱਤੇ ਜਾਂਦੇ ਹਨ ਜਿਹਨਾਂ ਵਿੱਚੋਂ ਉਹਨਾਂ ਨੂੰ ਇੱਕ ਨਵੀਂ ਕਹਾਣੀ ਬਣਾਉਣੀ ਪੈਂਦੀ ਹੈ।

- ਵਿਦਿਆਰਥੀਆਂ ਨੂੰ ਉਹਨਾਂ ਦੀ ਉਮਰ ਦੇ ਅਨੁਸਾਰ ਸਮੂਹਿਤ ਕੀਤਾ ਜਾਂਦਾ ਅਤੇ ਉਹਨਾਂ ਨੂੰ ਕਵਿਤਾਵਾਂ ਲਿਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਵਿੱਚ ਇਹ ਗੌਰਨਯੋਗ ਗਤੀਵਿਧੀ ਹੁੰਦੀ ਹੈ ਕਿ ਕਵਿਤਾ ਦੀ ਛੰਦ ਸਕੀਮ ਜ਼ਰੂਰ ਬਣਦੀ ਹੋਵੇ।
- -ਵਿਦਿਆਰਥੀਆਂ ਦੀ ਸ਼ਬਦਾਵਲੀ ਨੂੰ ਸੁਧਾਰਨ ਲਈ ਉਹਨਾਂ ਨੂੰ ਇੱਕ ਸ਼ਬਦ ਤੋਂ ਹੋਰ ਮਿਲਦੇ ਜੁਲਦੇ ਸ਼ਬਦ ਬਣਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਉਹਨਾਂ ਦੀ ਮਾਂ-ਬੋਲੀ (ਮਰਾਠੀ) ਦੀ ਸ਼ਬਦਾਵਲੀ ਵਿਕਸਿਤ ਕਰਨ ਵੀ ਇਸ ਗਤੀਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ।
- -ਗਣਿਤ ਤੇ ਤਰੱਕ ਨੂੰ ਵਧਾਉਣ ਲਈ, ਵਿਦਿਆਰਥੀ ਦਿੱਤੇ ਅੰਕਾਂ ਤੋਂ ਨੰਬਰ ਤਿਆਰ ਕਰਦੇ ਹਨ। ਵੱਧਦੇ ਅਤੇ ਘੱਟਦੇ ਕ੍ਰਮ ਵਿੱਚ ਨੰਬਰਾਂ ਦਾ ਪ੍ਰਬੰਧ ਕਰੋ, ਅੰਕਾਂ ਨੂੰ ਜੋੜ, ਘਟਾਓ, ਗੁਣਾ ਅਤੇ ਵੰਡ ਕਰੋ। ਗਤੀਵਿਧੀਆਂ ਰਾਹੀਂ ਗਣਿਤ ਗਿਆਨ ਵਿੱਚ ਵਾਧਾ ਕਰਦੇ ਹਨ।





ਇਸ ਸਿਖਣ ਸਿਖਾਉਣ ਪ੍ਰਕਿਰਿਆ ਵਿੱਚ ਮਾਪਿਆਂ ਦੀ ਸਮੂਲੀਅਤ ਸਦਕਾ, ਵਿਦਿਆਰਥੀ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਹੋਰ ਉਤਸ਼ਾਹਿਤ ਹੁੰਦੇ ਹਨ। ਸਕੂਲ ਮੁੱਖੀ ਦੁਆਰਾ ਕੀਤੇ ਗਏ ਇਹਨਾਂ ਵਿਕਾਸ ਕਾਰਜਾਂ ਨੂੰ ਸਿੱਖਿਆ ਅਫ਼ਸਰਾਂ ਅਤੇ ਡੀ.ਆਈ.ਈ.ਟੀ. ਅਫ਼ਸਰਾਂ ਦੁਆਰਾ ਵੀ ਸ਼ਾਲਾਘਾ ਹਾਸਿਲ ਹੋਈ ਹੈ।

ਸਕੂਲ ਮੁੱਖੀ ਰਾਗਿਨੀਰਾਮਚੰਦਰੁਸਰਵ ਨੇ ਮਿਤੀ 22-24 ਜਨਵਰੀ 2019 ਨੂੰ ਨੈਸ਼ਨਲ ਸੈਂਟਰ ਦੁਆਰਾ ਸਕੂਲ ਲੀਡਰਸ਼ਿਪ (ਐਨ.ਆਈ.ਈ.ਪੀ.ਏ.) ਸਕੂਲ ਸੁਧਾਰ ਲੀਡਰਸ਼ਿਪ ਮਾਰਗਾਂ ਤੇ ਨੈਸ਼ਨਲ ਕਾਨਫਰੰਸ ਵਿੱਚ ਸ਼ਿਰਕਿਤ ਕੀਤਾ।



## 10. ਰੈਫਰੈਂਸ (ਹਵਾਲਾ)

ਵੈਬਸਾਈਟ

http://ncsl.niepa.ac.in/

http://pslm.niepa.ac.in/

https://itpd.ncert.gov.in/

Web Resources

Maryellen Weimer, https://www.facultyfocus.com/articles/ teaching-and-learning/five-key-principles-of-articles-learning/ accessed on 20th May 2019

Learning outcomes http://www.ncert.nic.in/pdf/Annual_ report_17_18.pdf.

ਜੋਧ ਸਿੰਘ (ਕੰਪਿਊਟਰ ਟੀਚਰ )ਸ.ਸ.ਸ.ਸ. ਜਿਉਲੀ

ਪਰਨੀਤ ਕੌਰ (ਅੰਗਰੇਜ਼ੀ ਮਿਸਟ੍ਰੈਸ) ਸ.ਹਾ.ਸ. ਹਸਨਪੁਰ,

ਐਸ.ਏ.ਐਸ. ਨਗਰ